ਖ਼ੂਨਦਾਨ ਮਹਾਂਦਾਨ
ਸ਼੍ਰੀ ਹਰਿਕ੍ਰਿਸ਼ਨ ਚੈਰੀਟੇਬਲ ਸੁਸਾਇਟੀ
ਮਨੁੱਖਤਾ ਦੀ ਸੇਵਾ ਲਈ
ਹਰ ਪਲ, ਹਰ ਘੜੀ, ਹਰ ਕਦਮ
ਆਪ ਜੀ ਦੀ ਸੇਵਾ ਵਿੱਚ
ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ
Email : shkcsp@gmail.com www.shkcsp.com
M. : 98761-36031, 98552-21430, 98143-28141, 98557-32101

ਪੰਜਾਬੀਅਤ ਦਾ ਪਹਿਰੇਦਾਰ

# ਦੇਸੀ ਪੰਜਾਬ

Desi Punjab Patiala Approved By : DAVP / D.E.PAPER ਪਟਿਆਲਾ ਤੋਂ ਪ੍ਰਕਾਸ਼ਿਤ


ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

RNI : PUNPUN/2021/80887 www.desipunjab.in DESI PUNJAB JULY Email : desipunjabchannel@gmail.com
ਮੁੱਖ ਸੰਪਾਦਕ : ਨਵਤੇਜ ਸਿੰਘ ਮੋ. : 97800-66060 ਸੰਪਾਦਕ : ਹਰਪ੍ਰੀਤ ਸਿੰਘ ਮਾਹੀ 9517910789 ਫੋਨ : 0175-7962519

## ਰਾਜਸਥਾਨ ਅਧਿਕਾਰੀਆਂ ਦੀ ਗਲਤੀ ਕਾਰਨ ਪ੍ਰੀਖਿਆ ਵਿੱਚ ਬੈਠਣ ਤੋਂ ਵਾਂਝੇ ਰਹਿ ਗਏ ਸਿੱਖ ਉਮੀਦਵਾਰ ਦੀ ਪ੍ਰੀਖਿਆ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ - ਸਤਨਾਮ ਸਿੰਘ ਗੰਭੀਰ

ਨਵੀਂ ਦਿੱਲੀ 1 ਅਗਸਤ (ਮਨਪ੍ਰੀਤ ਸਿੰਘ ਖਾਲਸਾ ):- ਰਾਜਸਥਾਨ ਵਿੱਚ ਇੱਕ ਗੁਰਸਿੱਖ ਲੜਕੀ ਨੂੰ ਪ੍ਰੀਖਿਆ ਦੌਰਾਨ ਕਿਰਪਾਨ ਪਹਿਨਣ ਕਾਰਨ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਨਾ ਦਿੱਤੇ ਜਾਣ ਦਾ ਸਿੱਖ ਭਾਈਚਾਰੇ ਵੱਲੋਂ ਵਿਰੋਧ ਕੀਤੇ ਜਾਣ ਤੋਂ ਬਾਅਦ, ਰਾਜਸਥਾਨ ਸਰਕਾਰ ਵੱਲੋਂ ਸਿੱਖ ਉਮੀਦਵਾਰਾਂ ਨੂੰ ਕਿਰਪਾਨ ਪਹਿਨ ਕੇ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਦੇਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਈਸਟ ਇੰਡੀਆ ਦੇ ਪ੍ਰਧਾਨ ਸਤਨਾਮ ਸਿੰਘ ਗੰਭੀਰ ਨੇ ਕਿਹਾ ਕਿ ਸਰਕਾਰ ਨੂੰ ਇਹ ਕਦਮ ਬਹੁਤ ਪਹਿਲਾਂ ਚੁੱਕਣਾ ਚਾਹੀਦਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਅਧਿਕਾਰੀਆਂ ਦੀ ਗਲਤੀ ਕਾਰਨ ਪ੍ਰੀਖਿਆ ਵਿੱਚ ਬੈਠਣ ਤੋਂ ਵਾਂਝੇ ਰਹਿ ਗਏ ਸਿੱਖ ਉਮੀਦਵਾਰ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ ਅਤੇ ਉਸਨੂੰ ਪ੍ਰੀਖਿਆ ਵਿੱਚ ਬੈਠਣ ਦਾ ਮੌਕਾ ਦਿੱਤਾ ਜਾਵੇ, ਤਾਂ ਜੋ ਉਸਨੂੰ ਇਨਸਾਫ ਮਿਲ ਸਕੇ। ਸਤਨਾਮ ਸਿੰਘ ਗੰਭੀਰ ਨੇ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ, ਸਿੱਖਾਂ ਨੂੰ ਪਹਿਲਾਂ ਹੀ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਆਚਾਰ ਸੰਹਿਤਾ ਅਨੁਸਾਰ, ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਤੋਂ ਪੰਜ ਕਕਾਰ ਨਹੀਂ ਉਤਾਰ ਸਕਦਾ। ਇਸ ਲਈ, ਨਿਯਮਤ ਨਿਯਮ ਹਨ, ਜਿਨ੍ਹਾਂ ਨੂੰ ਅਕਸਰ ਅਣਦੇਖਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸਾਰਿਆਂ ਨੂੰ ਪਤਾ ਹੋਣ ਦੇ ਬਾਵਜੂਦ, ਪਿਛਲੇ ਕੁਝ ਦਿਨਾਂ ਵਿੱਚ, ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਕਈ ਥਾਵਾਂ 'ਤੇ ਧਾਰਮਿਕ ਚਿੰਨ੍ਹ ਕਕਾਰਾਂ ਨੂੰ ਉਤਾਰਨ ਲਈ ਮਜਬੂਰ ਕੀਤਾ ਗਿਆ ਅਤੇ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਪ੍ਰੀਖਿਆਵਾਂ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਪੰਜ ਕਕਾਰ ਸਿੱਖ ਪਛਾਣ ਅਤੇ ਮੌਲਿਕ ਅਧਿਕਾਰਾਂ ਨੂੰ ਦਰਸਾਉਂਦੇ ਹਨ, ਜਿਨ੍ਹਾਂ ਦਾ ਸਾਰਿਆਂ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਫੈਡਰੇਸ਼ਨ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਰਾਜ ਸਰਕਾਰਾਂ ਨੂੰ ਭਾਰਤੀ ਸੰਵਿਧਾਨ ਤਹਿਤ ਸਿੱਖਾਂ ਨੂੰ ਦਿੱਤੇ ਗਏ ਅਧਿਕਾਰਾਂ ਦੀ ਰੱਖਿਆ ਕਰਨ ਲਈ ਨਿਰਦੇਸ਼ ਦੇਣ ਤਾਂ ਜੋ ਸਿੱਖ ਵਿਦਿਆਰਥੀਆਂ 'ਤੇ ਅਜਿਹੇ ਅੱਤਿਆਚਾਰਾਂ ਨੂੰ ਰੋਕਿਆ ਜਾ ਸਕੇ, ਜਿਸ ਲਈ ਪ੍ਰੀਖਿਆ ਸਟਾਫ ਨੂੰ ਪ੍ਰੀਖਿਆਵਾਂ ਦੌਰਾਨ ਸਿੱਖ ਕਕਾਰਾਂ ਨੂੰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਵਿਰੁੱਧ ਜਾ ਕੇ ਸਿੱਖ ਵਿਦਿਆਰਥੀਆਂ ਨੂੰ ਤੰਗ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਅਜਿਹੀਆਂ ਕਾਰਵਾਈਆਂ ਨੂੰ ਰੋਕਿਆ ਜਾ ਸਕੇ।



## 15 ਅਗਸਤ ਤੱਕ ਪ੍ਰਾਪਰਟੀ ਟੈਕਸ ਭਰਨ ਦੀ ਮਿਤੀ ਵਧਾਈ,
### - ਵਨ ਟਾਈਮ ਸੈਟਲਮੈਂਟ ਰਾਹੀਂ ਬਿਨਾਂ ਪੈਨਲਟੀ ਦੇ ਭਰ ਸਕਦੇ ਹੋ ਪ੍ਰਾਪਰਟੀ ਟੈਕਸ: ਮੇਅਰ ਤੇ ਕਮਿਸ਼ਨਰ




ਪਟਿਆਲਾ, 1 ਅਗਸਤ ( ) ਸ਼ਹਿਰੀ ਵਾਸੀਆਂ ਲਈ ਨਗਰ ਨਿਗਮ ਪਟਿਆਲਾ ਵੱਲੋਂ ਇੱਕ ਵੱਡੀ ਰਾਹਤ ਦੀ ਖ਼ਬਰ ਆਈ ਹੈ। ਨਗਰ ਨਿਗਮ ਨੇ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਪ੍ਰਾਪਰਟੀ ਟੈਕਸ ਭਰਨ ਦੀ ਮਿਤੀ 31 ਜੁਲਾਈ ਤੋਂ ਵਧਾ ਕੇ ਹੁਣ 15 ਅਗਸਤ 2025 ਕਰ ਦਿੱਤੀ ਹੈ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਵੱਲੋਂ ਸਾਂਝੇ ਤੌਰ ਤੇ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਜੋ ਲੋਕ ਆਪਣਾ ਪਿੱਛਲਾ ਬਕਾਇਆ ਪ੍ਰਾਪਰਟੀ ਟੈਕਸ ਭਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਕੋਈ ਪੈਨਲਟੀ ਜਾਂ ਵਿਆਜ ਨਹੀਂ ਲੱਗੇਗਾ। ਇਹ ਮੌਕਾ ਉਨ੍ਹਾਂ ਲਈ ਵਧੀਆ ਹੈ ਜੋ ਕਿਸੇ ਕਾਰਨ ਕਰਕੇ ਹਾਲੇ ਤੱਕ ਆਪਣਾ ਟੈਕਸ ਨਹੀਂ ਭਰ ਸਕੇ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਕਿਹਾ ਕਿ "ਸਾਡਾ ਉਦੇਸ਼ ਹੈ ਕਿ ਸ਼ਹਿਰ ਵਾਸੀਆਂ ਨੂੰ ਇਸ ਵਨ ਟਾਈਮ ਸੈਟਲਮੈਂਟ ਦਾ ਲਾਭ ਲੈਣਾ ਚਾਹੀਦਾ ਹੈ। ਅਸੀਂ ਨਗਰ ਨਿਗਮ ਵਿਚ ਵਾਧੂ ਕਾਊਂਟਰ ਲਗਾਏ ਹਨ, ਛੁੱਟੀ ਵਾਲੇ ਦਿਨ ਵੀ ਦਫਤਰ ਖੁੱਲ੍ਹਾ ਰੱਖਿਆ ਗਿਆ ਹੈ ਅਤੇ ਆਨਲਾਈਨ ਭੁਗਤਾਨ ਦੀ ਵੀ ਸਹੂਲਤ ਦਿੱਤੀ ਗਈ ਹੈ, ਤਾਂ ਜੋ ਕੋਈ ਵੀ ਮੁਸ਼ਕਲ ਨਾ ਹੋਵੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਅਧਿਕਾਰਿਕ ਵੈੱਬਸਾਈਟ ਰਾਹੀਂ ਘਰ ਬੈਠਿਆਂ ਵੀ ਪ੍ਰਾਪਰਟੀ ਟੈਕਸ ਭਰਿਆ ਜਾ ਸਕਦਾ ਹੈ। ਜੋ ਵਸੀਲੇ ਨਹੀਂ ਜਾਣਦੇ, ਉਨ੍ਹਾਂ ਲਈ ਦਫਤਰਾਂ ਵਿੱਚ ਸਹਾਇਤਾ ਡੈਸਕ ਵੀ ਲਗਾਏ ਗਏ ਹਨ।ਨਗਰ ਨਿਗਮ ਵੱਲੋਂ ਵਾਧੂ ਉਪਰਾਲੇ:15 ਅਗਸਤ ਤੱਕ ਬਿਨਾਂ ਪੈਨਲਟੀ ਟੈਕਸ ਭਰਨ ਦੀ ਛੂਟਹਫ਼ਤੇ ਦੇ 7ਵੇਂ ਦਿਨ (ਸ਼ਨੀਵਾਰ-ਐਤਵਾਰ)ਦਫਤਰ ਲ੍ਹਾਆਨਲਾਈਨ ਭੁਗਤਾਨ ਪੋਰਟਲ ਤੇ ਆਸਾਨ ਪੜ੍ਹਾਅ ਅੰਤ ਵਿੱਚ, ਨਗਰ ਨਿਗਮ ਨੇ ਵਾਸੀਆਂ ਨੂੰ ਸਚੇਤ ਕਰਦੇ ਹੋਏ ਕਿਹਾ ਕਿ 15 ਅਗਸਤ ਤੋਂ ਬਾਅਦ ਵਾਪਸ ਪੂਰਨ ਪੈਨਲਟੀ ਲਾਗੂ ਹੋ ਜਾਵੇਗੀ, ਇਸ ਲਈ ਵਕਤ-ਸਿਰ ਟੈਕਸ ਅਦਾ ਕਰਨਾ ਸਭ ਤੋਂ ਵਧੀਆ ਵਿਕਲਪ ਹੈ। ਪ੍ਰਸ਼ਾਸਨ ਵੱਲੋਂ ਉਮੀਦ ਜਤਾਈ ਗਈ ਕਿ ਵਾਸੀ ਆਪਣੀ ਨਾਗਰਿਕ ਜ਼ਿੰਮੇਵਾਰੀ ਨੂੰ ਸਮਝਦਿਆਂ ਇਸ ਮੁਹਿੰਮ ਵਿਚ ਭਾਗੀਦਾਰ ਬਣਣਗੇ।

## ਬੀਐਸਐਨਐਲ ਪੈਨਸ਼ਨਰਜ਼ ਵੱਲੋਂ ਸ਼ਹੀਦ ਊਧਮ ਸਿੰਘ ਸੁਨਾਮ ਨੂੰ ਸਮਰਪਿੱਤ ਵਿਚਾਰ ਗੋਸ਼ਟੀ
### ਤਰਕਸ਼ੀਲ ਸਾਹਿਤ ਵੰਡਿਆ ਗਿਆ ਤੇ ਤਰਕਸ਼ੀਲਾਂ ਵੱਲੋਂ ਕਰਵਾਈ ਜਾ ਰਹੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ ਗਈ

ਸੰਗਰੂਰ: ਬੀ.ਐਸ.ਐਨ.ਐਲ. ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਸੰਗਰੂਰ ਵੱਲੋਂ ਸ਼ਹੀਦ ਉਧਮ ਸਿੰਘ ਨੂੰ ਸਮਰਪਿੱਤ ਵਿਚਾਰ ਗੋਸ਼ਟੀ ਦਾ ਆਯੋਜਨ ਸ਼੍ਰੀ ਨੈਣਾਂ ਦੇਵੀ ਮੰਦਿਰ ਧਰਮਸ਼ਾਲਾ, ਸੰਗਰੂਰ ਵਿਖੇ ਕੀਤਾ ਗਿਆ।

ਸ਼ੁਰੂਆਤ ਵਿੱਚ ਸ਼ਹੀਦ ਉਧਮ ਸਿੰਘ ਸੁਨਾਮ ਨੂੰ ਯਾਦ ਕਰਦਿਆਂ ਬੁਲਾਰਿਆਂ ਦੱਸਿਆ ਕਿ ਉਧਮ ਸਿੰਘ ਨੇ ਕਿਹਾ ਸੀ "ਅਜਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦੀ ਹੈ ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕਿ ਅਜਾਦੀ ਜੀਵਨ ਹੈ ਅਤੇ ਗੁਲਾਮੀ ਮੌਤ ਹੈ। ਅਜਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਹਾਸਿਲ ਕਰਕੇ ਰਹਾਂਗੇ..."

ਕ੍ਰਾਂਤੀਕਾਰੀ ਸ਼ਹੀਦ ਉਧਮ ਸਿੰਘ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਵਾਲਾ ਹੀ ਨਹੀਂ ਸੀ, ਸਗੋਂ ਉਹ ਧੁਰ ਅੰਦਰ ਸਮਾਜਿਕ ਬਦਲਾਅ ਨੂੰ ਪ੍ਰਣਾਇਆ ਉੱਘਾ ਕ੍ਰਾਂਤੀਕਾਰੀ ਸੀ।

ਲੁੱਟ ਰਹਿਤ ਸਮਾਜ ਸਿਰਜਣ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਲਈ ਜਮਾਤੀ ਸੰਘਰਸ਼ ਨੂੰ ਤੇਜ਼ ਕਰਨਾ ਹੀ ਸ਼ਹੀਦ ਉਧਮ ਸਿੰਘ ਨੂੰ ਸ਼ਰਧਾਂਜਲੀ ਹੈ ।ਇਸ ਤੋਂ ਬਾਅਦ ਇਸ ਮਹੀਨੇ ਐਸੋਸੀਏਸ਼ਨ ਦੇ ਪਰਿਵਾਰਾਂ ਨਾਲ ਸਬੰਧਿਤ ਵਿਛੜੇ ਪਰਿਵਾਰਿਕ ਮੈਂਬਰਾਂ, 114 ਸਾਲਾ ਮੈਰਾਥਨ ਜੇਤੂ ਸਰਦਾਰ ਫੌਜਾ ਸਿੰਘ ਨੂੰ ਅਤੇ ਪਿਛਲੇ ਦਿਨੀ ਚਲਾਣਾ ਕਰ ਗਏ ਵਿਨੈ ਰੈਣਾ, ਜਿਲਾ ਸਕੱਤਰ, ਲੁਧਿਆਣਾ ਦੇ ਮਾਤਾ ਜੀ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਭਾਵ ਭਿੰਨੀ ਸ਼ਰਧਾਂਜ਼ਲੀ ਪੇਸ਼ ਕੀਤੀ ਗਈ।

ਸ਼੍ਰੀ ਪੀ. ਸੀ. ਬਾਘਾ ਨੇ ਮੀਟਿੰਗ ਦੇ ਸ਼ੁਰੂਆਤ ਵਿੱਚ ਅਜੋਕੇ ਸਮਾਜ ਵਿੱਚ ਪ੍ਰਚਲਤ ਵਹਿਮਾਂ ਭਰਮਾਂ ਅਤੇ ਸਮਾਜਿਕ ਨਾ ਬਰਾਬਰੀ ਦੇ ਮੁੱਦੇ ਤੇ ਪ੍ਰਭਾਵਸ਼ਾਲੀ ਤਕਰੀਰ ਕੀਤੀ ਅਤੇ ਨਿੱਗਰ ਸਮਾਜ ਦੀ ਉਸਾਰੀ ਵਾਸਤੇ ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ।

ਸ਼੍ਰੀ ਸਾਧਾ ਸਿੰਘ ਵਿਰਕ ਨੇ ਪੈਨਸ਼ਨਰਾਂ ਲਈ ਆਪਣੇ ਵਾਰਸਾਂ ਦੇ ਨੌਮੀਨੇਸ਼ਨ ਫਾਰਮ ਭਰਨ ਦੀ ਮਹਤੱਤਾ ਬਾਰੇ ਦੱਸਿਆ ਅਤੇ ਪੰਜਾਬ ਸੀ.ਸੀ.ਏ. ਸੈੱਲ ਵੱਲੋਂ ਇਸ ਸਬੰਧੀ ਜਾਰੀ ਕੀਤੇ ਗਿਆ ਦਿਸ਼ਾ ਨਿਰਦੇਸ਼ਾਂ ਬਾਰੇ ਚਾਨਣਾ ਪਾਇਆ। ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਣ ਮੁਲਾਜ਼ਮ ਆਪਣੀ ਵਿਆਹੀ ਹੋਈ ਲੜਕੀ ਦਾ ਨਾਂ ਫੈਮਲੀ ਮੈਂਬਰਾਂ ਵਿੱਚ ਲਿਖਵਾ ਸਕਦੇ ਹਨ। ਇਸ ਤੋਂ ਇਲਾਵਾ ਸੀ ਜੀ ਐਚ ਐਸ ਦੇ ਨਵੇਂ ਸਿਸਟਮ ਬਾਰੇ ਜਾਣਕਾਰੀ ਦਿੱਤੀ ਅਤੇ ਵੈਲਨੈਸ ਸੈਂਟਰਾਂ ਤੇ ਖੱਜਲ ਖੁਆਰੀ ਤੋਂ ਬਚਣ ਲਈ ਉਪਾਅ ਦੱਸੇ।

ਸ਼੍ਰੀ ਅਸ਼ਵਨੀ ਕੁਮਾਰ ਨੇ ਬਜ਼ੁਰਗ ਸਾਥੀ ਸ਼੍ਰੀ ਗੁਰਦਿਆਲ ਸਿੰਘ ਸੈਨੀ ਜੋ ਕਿ ਪਿਛਲੇ ਕਾਫੀ ਸਮੇਂ ਤੋਂ ਸਿਹਤ ਠੀਕ ਨਾ ਹੋਣ ਦੇ ਬਾਵਜ਼ੂਦ ਐਸੋਸੀਏਸ਼ਨ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਸਿਹਤਯਾਬੀ ਦੀ ਕਾਮਨਾ ਕੀਤੀ।

ਸ਼੍ਰੀ ਸ਼ਿਵ ਨਰਾਇਣ ਨੇ ਇਸ ਮਹੀਨੇ ਦੇ ਘਟਨਾਕ੍ਰਮ ਜਿਵੇਂ ਕਿ ਰਾਸ਼ਟਰੀ ਡਾਕਟਰ ਦਿਵਸ, ਵਿਸ਼ਵ ਜਨਸੰਖਿਆ ਦਿਵਸ ,ਜਿਲਾ ਸੰਗਰੂਰ ਦੀ ਗਦਰੀ ਬੀਬੀ ਗੁਲਾਬ ਕੌਰ ਬਖਸ਼ੀ ਵਾਲਾ ਅਤੇ ਉਧਮ ਸਿੰਘ ਦੇ ਸ਼ਹੀਦੀ ਦਿਵਸ ਬਾਰੇ ਚਾਨਣਾ ਪਾਇਆ। ਅਵਾਰਾ ਪਸ਼ੂਆਂ ਅਤੇ ਕੁੱਤਿਆਂ ਬਾਰੇ ਚਿੰਤਾ ਪ੍ਰਗਟਾਉਂਦਿਆਂ ਸਰਕਾਰ ਤੋਂ ਇਸ ਸਮੱਸਿਆ ਦਾ ਹੱਲ ਕੱਢਣ ਦੀ ਮੰਗ ਕੀਤੀ। ਉਨ੍ਹਾਂ ਨੇ ਸ਼੍ਰੀ ਨਵਨੀਤ ਕੁਮਾਰ ਬਰਨਾਲ਼ਾ ਦੀ ਭਰਪੂਰ ਸ਼ਲਾਘਾ ਕੀਤੀ ਜਿਨ੍ਹਾਂ ਨੇ ਸਵਰਗੀ ਸ਼੍ਰੀ ਬੀ.ਐਸ. ਸਿੱਧੂ ਅਤੇ ਸ਼੍ਰੀ ਓਂਕਾਰ ਚੰਦ ਦੇ ਪਰਿਵਾਰ ਦੀ ਫੈਮਿਲੀ ਪੈਨਸ਼ਨ ਲਵਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ।

ਸ਼੍ਰੀ ਸ਼ਿਵ ਚਰਨ ਦਾਸ ਨੇ ਤਰਕਸ਼ੀਲ ਸਾਹਿਤ ਵੰਡਿਆ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ 29 ਤੇ 31 ਅਗਸਤ ਨੂੰ ਕਰਵਾਈ ਜਾ ਰਹੀ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੱਤੀ,ਇਹ ਪ੍ਰੀਖਿਆ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੈ ।



ਇਕਾਈ ਸੰਗਰੂਰ ਵੱਲੋਂ ਇਹ ਪ੍ਰੀਖਿਆ ਤਕਰੀਬਨ 12 ਪ੍ਰੀਖਿਆ ਕੇਂਦਰਾਂ ਵਿੱਚ ਹੋਵੇਗੀ।

ਸ਼੍ਰੀ ਕੇਵਲ ਸਿੰਘ ਮਾਲੇਰਕੋਟਲਾ ਨੇ ਆਪਣੀ ਬੁਲੰਦ ਅਵਾਜ ਵਿੱਚ ਤੂੰਬੀ ਨਾਲ ਇੱਕ ਬਹੁਤ ਹੀ ਮਕਬੂਲ ਗੀਤ ਗਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਸ਼੍ਰੀ ਹਰਮੇਸ਼ ਸਿੰਘ ਨੇ ਰਾਗ ਮਲਹਾਰ ਵਿੱਚ ਇੱਕ ਸ਼ਬਦ ਦਾ ਗਾਇਣ ਕੀਤਾ ਅਤੇ ਵਾਰਿਸ ਸ਼ਾਹ ਦੀ ਹੀਰ ਵਿੱਚੋਂ ਇੱਕ ਗੀਤ ਸੁਣਾ ਕੇ ਆਪਣੀ ਕਲਾ ਨਾਲ ਮਾਹੌਲ ਨੂੰ ਵਿਲੱਖਣ ਰੰਗ ਦਿੱਤਾ। ਸ਼੍ਰੀ ਭਾਰਤ ਭੂਸ਼ਣ ਧੂਰੀ ਨੇ ਇੱਕ ਮਸ਼ਹੂਰ ਫਿਲਮੀ ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।

ਮੀਟਿੰਗ ਵਿੱਚ ਚਾਰ ਕਾਊਂਟਰ ਲਗਾਏ ਗਏ ਸਨ ਅਤੇ ਲਗਭਗ 80 ਪੈਨਸ਼ਨਰ ਪਰਿਵਾਰਾਂ ਦੇ ਨੌਮੀਨੇਸ਼ਨ ਫਾਰਮ ਭਰਵਾਏ ਗਏ। ਫਾਰਮ ਭਰਨ ਦੇ ਸੇਵਾ ਸ਼੍ਰੀ ਨਵਨੀਤ ਕੁਮਾਰ ਬਰਨਾਲ਼ਾ, ਸ਼੍ਰੀ ਮਾਂਗੇ ਰਾਮ ਸੁਨਾਮ , ਸ਼੍ਰੀ ਐਸ. ਪੀ. ਗਰਗ ਸੰਗਰੂਰ, ਸ਼੍ਰੀ ਬਲਵੰਤ ਰਾਮ ਸੰਗਰੂਰ ਅਤੇ ਸ਼੍ਰੀ ਭਾਰਤ ਭੂਸ਼ਣ ਧੂਰੀ ਵੱਲੋਂ ਕੀਤੀ ਗਈ।

ਸ਼੍ਰੀ ਸਾਧਾ ਸਿੰਘ ਵਿਰਕ ਨੇ ਉਚੇਚੇ ਤੌਰ ਤੇ ਹਾਜ਼ਰੀ ਭਰਨ ਲਈ ਪਹੁੰਚੇ ਸ਼੍ਰੀ ਦੀਦਾਰ ਸਿੰਘ (ਰੋਪੜ),ਸ਼੍ਰੀ ਰਜਿੰਦਰ ਸਿੰਘ ਸਲਾਣਾ (ਖੰਨਾ ਮੰਡੀ) ਅਤੇ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਲਵਾਉਣ ਵਾਲੇ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕੀਤਾ ।

ਮੰਚ ਸੰਚਾਲਨ ਸ਼੍ਰੀ ਸ਼ਿਵ ਨਰਾਇਣ ਵੱਲੋਂ ਕੀਤਾ ਗਿਆ।

## ਸ਼੍ਰੋਮਣੀ ਕਮੇਟੀ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮਾਂ ਲਈ ਬਣਾਈ ਕਮੇਟੀ ਤੋਂ ਹਟਾਉਣ ਦੇ ਫ਼ੈਸਲੇ ਤੇ ਮੁੜ ਵਿਚਾਰ ਕਰੇ

: ਅੰਮ੍ਰਿਤਸਰ, 1 ਅਗਸਤ 2025ਸ਼੍ਰੋਮਣੀ ਕਮੇਟੀ ਵੱਲੋਂ ਡਾ. ਕਰਮਜੀਤ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਸੇਵਾ ਨਿਯਮਾਂ ਲਈ ਬਣਾਈ ਕਮੇਟੀ ਤੋਂ ਹਟਾਉਣ ਦੇ ਫ਼ੈਸਲੇ ਦੇ ਸੰਦਰਭ ਵਿੱਚ ਮੇਰਾ ਸਪਸ਼ਟ ਮਤ ਹੈ ਕਿ ਇਹ ਫ਼ੈਸਲਾ ਗਲਤਫ਼ਹਮੀਆਂ ਦੇ ਆਧਾਰ 'ਤੇ ਲਿਆ ਗਿਆ ਦਿੱਸਦਾ ਹੈ। ਸ਼੍ਰੋਮਣੀ ਕਮੇਟੀ ਨੂੰ ਆਪਣੇ ਫੈਸਲੇ ਉੱਤੇ ਮੁੜ ਵਿਚਾਰ ਕਰਨ ਦੀ ਮੈਂ ਅਪੀਲ ਕਰਦਾ ਹਾਂ।ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਅੰਮ੍ਰਿਤਾ ਯੂਨੀਵਰਸਿਟੀ ਕੋਚੀ ਵੱਲੋ ਆਯੋਜਿਤ ਉਪ ਕੁਲਪਤੀਆਂ ਦੇ ਇੱਕ ਸਮਾਗਮ ਵਿੱਚ ਸ਼ਮੂਲੀਅਤ ਕਰਦਿਆਂ ਕੋਈ ਵੀ ਅਜਿਹੀ ਗੱਲ ਨਹੀਂ ਕੀਤੀ ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੋਵੇ। ਉਨ੍ਹਾਂ ਵੱਲੋਂ ਪ੍ਰਗਟ ਕੀਤੇ ਵਿਚਾਰ ਸਿੱਖੀ ਦੇ ਅਨੁਕੂਲ ਸਨ, ਪ੍ਰਤੀਕੂਲ ਬਿਲਕੁਲ ਨਹੀਂ।ਡਾ. ਕਰਮਜੀਤ ਸਿੰਘ ਨੇ ਆਪਣੇ ਬਿਆਨ ਵਿੱਚ ਸਿੱਖ ਧਰਮ ਦੀਆਂ ਗੁਰਮਤਿ ਸਿੱਖਿਆਵਾਂ, ਮਨੁੱਖਤਾ ਅਤੇ ਇਕਤਾ ਦੇ ਸੰਦੇਸ਼ ਨੂੰ ਹੀ ਉਜਾਗਰ ਕੀਤਾ। ਉਨਾਂ ਨੇ ਗੁਰਮਤ ਦੇ ਪ੍ਰਚਾਰ ਪ੍ਰਸਾਰ ਦੀ ਲੋਚਾ ਕੀਤੀ।ਉਹਨਾਂ ਦੇ ਵਿਚਾਰਾਂ ਨੂੰ ਗਲਤ ਸੰਦਰਭ ਵਿੱਚ ਪੇਸ਼ ਕਰਕੇ ਉਨ੍ਹਾਂ ਉੱਤੇ ਸਿੱਖ ਵਿਰੋਧੀ ਹੋਣ ਦਾ ਦੋਸ਼ ਲਗਾਉਣਾ ਨਿਰਾਧਾਰ ਹੈ।ਮੇਰੀ ਅਪੀਲ ਹੈ ਕਿ ਸ਼੍ਰੋਮਣੀ ਕਮੇਟੀ ਤੱਥਾਂ ਦਾ ਨਿਰਪੱਖ ਮੁਲਾਂਕਣ ਕਰੇ ਅਤੇ ਗਲਤਫ਼ਹਮੀਆਂ ਦੂਰ ਕਰੇ। ਡਾ. ਕਰਮਜੀਤ ਸਿੰਘ ਹਮੇਸ਼ਾਂ ਸਿੱਖੀ ਦੇ ਅਸੂਲਾਂ ਦੀ ਰੱਖਿਆ, ਪ੍ਰਚਾਰ ਅਤੇ ਵਿਦਿਆ ਦੇ ਖੇਤਰ ਵਿੱਚ ਆਪਣੀ ਨਿਭਾਉ ਦਾ ਪਰਚਮ ਲਹਿਰਾਉਂਦੇ ਰਹੇ ਹਨ। ਉਨ੍ਹਾਂ ਜਿਹਾ ਵਿਦਵਾਨ ਅਤੇ ਸਿੱਖੀ ਦੇ ਮੁੱਲਾਂ ਨਾਲ ਜੁੜਿਆ ਵਿਅਕਤੀ ਸਿੱਖ ਕੌਮ ਲਈ ਕੀਮਤੀ ਧਰੋਹਰ ਹੈ।

## ਨਵੇਂ ਬਿਜਲੀ ਕੁਨੈਕਸ਼ਨਾਂ ਲਈ ਔਨਲਾਈਨ ਅਰਜ਼ੀ ਪ੍ਰਕਿਰਿਆ ਬਾਰੇ ਸਪੱਸ਼ਟੀਕਰਨ




ਪੀਐਸਪੀਸੀਐਲ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਖਪਤਕਾਰ ਨੂੰ ਨਵਾਂ ਕੁਨੈਕਸ਼ਨ ਦੇਣ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਉਹ ਖਪਤਕਾਰ ਜੋ ਆਪਣੇ ਆਪ ਆਨਲਾਈਨ ਅਪਲਾਈ ਕਰਨ ਵਿੱਚ ਅਸਮਰੱਥ ਹਨ, ਦੀ ਸਹਾਇਤਾ ਲਈ ਮੋਹਾਲੀ ਅਤੇ ਜ਼ੀਰਕਪੁਰ ਡਿਵੀਜ਼ਨਾਂ ਵਿੱਚ ਸਮਰਪਿਤ ਹੈਲਪ ਡੈਸਕ ਪਹਿਲਾਂ ਹੀ ਸਥਾਪਿਤ ਕੀਤੇ ਜਾ ਚੁੱਕੇ ਹਨ, ਜਿੱਥੇ ਪੀਐਸਪੀਸੀਐਲ ਸਟਾਫ ਅਰਜ਼ੀਆਂ ਔਨਲਾਈਨ ਜਮ੍ਹਾਂ ਕਰਵਾਉਣ ਦੇ ਨਾਲ-ਨਾਲ ਉਹਨਾਂ ਲੋਕਾਂ ਨੂੰ ਪੂਰੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਡਿਜੀਟਲ ਪ੍ਰਕਿਰਿਆ ਨੂੰ ਸੁਤੰਤਰ ਤੌਰ 'ਤੇ ਨੈਵੀਗੇਟ ਕਰਨ ਵਿੱਚ ਅਸਮਰੱਥ ਹਨ।

ਪੀ.ਐੱਸ.ਪੀ.ਸੀ.ਐੱਲ. ਦਫਤਰਾਂ 'ਤੇ ਜਾਣ ਵਾਲੇ ਖਪਤਕਾਰਾਂ ਨੂੰ ਹੈਲਪ ਡੈਸਕ ਕਰਮਚਾਰੀਆਂ ਦੁਆਰਾ ਮਾਰਗਦਰਸ਼ਨ ਅਤੇ ਸਹਾਇਤਾ ਦਿੱਤੀ ਜਾਂਦੀ ਹੈ ਜੋ ਜਾਂ ਤਾਂ ਉਹਨਾਂ ਨੂੰ ਖੁਦ ਆਨਲਾਈਨ ਅਪਲਾਈ ਕਰਨ ਵਿੱਚ ਮਦਦ ਕਰਦੇ ਹਨ ਜਾਂ ਉਹਨਾਂ ਦੀ ਤਰਫੋਂ ਪੂਰੀ ਤਰ੍ਹਾਂ ਮੁਫਤ ਔਨਲਾਈਨ ਅਰਜ਼ੀ ਅੱਪਲਾਈ ਕਰਦੇ ਹਨ। ਇਸ ਪ੍ਰਕਿਰਿਆ ਦਾ ਉਦੇਸ਼ ਪਾਰਦਰਸ਼ਤਾ ਨੂੰ ਵਧਾਉਣਾ, ਵਿਚੋਲਿਆਂ ਨੂੰ ਖਤਮ ਕਰਨਾ ਅਤੇ ਨਵੇਂ ਬਿਨੈਕਾਰਾਂ ਦੇ ਸ਼ੋਸ਼ਣ ਦੇ ਨੂੰ ਰੋਕਣਾ ਹੈ।

ਇਸ ਤੋਂ ਇਲਾਵਾ, ਮਾਨਯੋਗ PSERC ਦੁਆਰਾ ਜਾਰੀ ਕੀਤੇ ਗਏ ਨਵੀਨਤਮ ਸਪਲਾਈ ਕੋਡ 2024 ਦੇ ਅਨੁਸਾਰ ਸਾਰੇ ਘਰੇਲੂ ਸਪਲਾਈ (DS) ਕੁਨੈਕਸ਼ਨਾਂ ਲਈ ਟੈਸਟ ਰਿਪੋਰਟ ਜਮ੍ਹਾਂ ਕਰਾਉਣਾ ਲਾਜ਼ਮੀ ਹੈ। ਪਹਿਲਾਂ, 20 ਕਿਲੋਵਾਟ ਤੱਕ ਦੇ ਲੋਡ ਲਈ ਅਜਿਹੀਆਂ ਰਿਪੋਰਟਾਂ ਦੀ ਲੋੜ ਨਹੀਂ ਸੀ। ਪੀਐਸਪੀਸੀਐਲ ਇਸ ਸਬੰਧ ਵਿੱਚ ਲੋੜੀਂਦੀ ਸਮੀਖਿਆ ਅਤੇ ਰਾਹਤ ਲਈ ਰੈਗੂਲੇਟਰ ਕੋਲ ਮਾਮਲਾ ਉਠਾ ਰਿਹਾ ਹੈ।

ਇੰਦਰਪਾਲ ਸਿੰਘ, ਡਾਇਰੈਕਟਰ ਡਿਸਟਰੀਬਿਊਸ਼ਨ ਨੇ ਦੱਸਿਆ ਕਿ ਖਪਤਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭ੍ਰਿਸ਼ਟਾਚਾਰ ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਨੂੰ ਵਟਸਐਪ ਰਾਹੀਂ ਸਿੱਧੇ ਤੌਰ ਤੇ ਨੰਬਰ 96461-75770 ਜਾਂ https://grms.pspcl.in ਪੋਰਟਲ ਰਾਹੀ ਸੂਚਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਮ੍ਹਾਂ ਕਰਵਾਈ ਗਈ ਹਰੇਕ ਔਨਲਾਈਨ ਅਰਜ਼ੀ ਲਈ, ਖਪਤਕਾਰ ਨੂੰ ਵਿਸ਼ੇਸ਼ ਐਸਐਮਐਸ ਲਿੰਕ ਭੇਜਿਆ ਜਾਂਦਾ ਹੈ, ਜਿਸ ਨਾਲ ਉਹ ਪ੍ਰਕਿਰਿਆ ਦੌਰਾਨ ਹੋਏ ਭ੍ਰਿਸ਼ਟਾਚਾਰ ਜਾਂ ਪਰੇਸ਼ਾਨੀ ਦੀ ਕਿਸੇ ਵੀ ਘਟਨਾ ਦੀ ਸਿੱਧੇ ਤੌਰ 'ਤੇ ਰਿਪੋਰਟ ਕਰ ਸਕਦੇ ਹਨ। ਜੇਕਰ ਕੋਈ ਵੀ ਕਰਮਚਾਰੀ ਕਿਸੇ ਤਰ੍ਹਾਂ ਦੀ ਕੁਤਾਹੀ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਖਪਤਕਾਰ PSPCL ਚੌਵੀ ਘੰਟੇ ਚੱਲਦੇ ਸੋਸ਼ਲ ਮੀਡੀਆ ਹੈਲਪਡੈਸਕ 'ਤੇ ਵੀ ਸੰਪਰਕ ਕਰ ਸਕਦੇ ਹਨ 1912@pspcl.in, fb.com/PSPCLPb, x.com/PSPCLPb, instagram.com/PSPCLPb ਜਾਂ 96461-06835 'ਤੇ WhatsApp ਰਾਹੀਂ।

ਇਸ ਮੀਟਿੰਗ ਵਿੱਚ ਸੈਰ ਸਪਾਟਾ ਅਧਿਕਾਰੀ ਸੁਖਮਨ ਸਿੰਘ, ਸ੍ਰੀ ਅਗਰਸੈਨ ਮੰਦਿਰ ਦੇ ਜਨਰਲ ਸਕੱਤਰ ਸੁਨੀਲ ਗੁਪਤਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ




## ਕਾਂਗਰਸੀ ਆਗੂਆਂ ਨੇ ਆਪ ਦੀ ਲੈਂਡ ਪੁਲਿੰਗ ਸਕੀਮ ਖਿਲਾਫ ਠੋਕਿਆ ਧਰਨਾ
### - ਸਰਕਾਰ ਲੋਕ-ਪੱਖੀ ਕੰਮਾਂ ਨੂੰ ਸਵਾਰਨ ਲਈ ਬਣਦੀ ਹੈ ਨਾ ਕਿ ਨੁਕਸਾਨ ਕਰਨ ਲਈ



ਪਟਿਆਲਾ, 1 ਅਗਸਤ (): ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਿਆਂਦੀ ਗਈ "ਲੈਂਡ ਪੁਲਿੰਗ ਸਕੀਮ" ਖਿਲਾਫ ਕਾਂਗਰਸੀ ਆਗੂਆਂ ਨੇ ਅੱਜ ਪਟਿਆਲਾ ਵਿੱਚ ਧਰਨਾ ਦਿੱਤਾ। ਇਸ ਧਰਨੇ ਦੀ ਅਗਵਾਈ ਪੰਜਾਬ ਕਾਂਗਰਸ ਕਮੇਟੀ ਦੇ ਸੀਨੀਅਰ ਆਗੂਆਂ ਨੇ ਕੀਤੀ, ਜਿਸ ਵਿੱਚ ਸੈਂਕੜੇ ਕਿਸਾਨਾਂ, ਕਾਰਕੁਨਾਂ ਅਤੇ ਆਮ ਨਾਗਰਿਕਾਂ ਨੇ ਹਿੱਸਾ ਲਿਆ।ਧਰਨੇ ਦੌਰਾਨ ਕਾਂਗਰਸ ਆਗੂਆਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਸਿੱਧੇ ਨਿਸ਼ਾਨੇ ਲਗਾਉਂਦੇ ਹੋਏ ਕਿਹਾ ਕਿ ਇਹ ਸਕੀਮ ਕਿਸਾਨ ਵਿਰੋਧੀ ਅਤੇ ਜਮੀਨ ਦਾਅ 'ਤੇ ਲਾਉਣ ਵਾਲੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਨੇ "ਵਿਕਾਸ" ਦੇ ਨਾਂ ਤੇ ਕਿਸਾਨਾਂ ਦੀ ਜਮੀਨ ਨੂੰ ਜਬਰੀ ਤੌਰ 'ਤੇ ਖਿੱਚਣ ਦੀ ਕੋਸ਼ਿਸ਼ ਕੀਤੀ ਹੈ, ਜੋ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਧਰਨੇ ਦੌਰਾਨ ਕੀਤੀ ਗਈ ਗੱਲਬਾਤਪੰਜਾਬ ਕਾਂਗਰਸ ਕਮੇਟੀ ਯੂਥ ਦੇ ਪ੍ਰਧਾਨ ਅਤੇ ਸੀਨੀਅਰ ਆਗੂ ਮੋਹਿਤ ਮਹਿੰਦਰਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ "ਜਮੀਨ ਕਿਸਾਨ ਦੀ ਮਾਂ ਵਾਂਗ ਹੁੰਦੀ ਹੈ। ਉਸ ਦੀ ਜ਼ਮੀਨ ਖੋਹ ਕੇ ਕਿਸ ਤਰ੍ਹਾਂ ਕੋਈ ਵੀ ਸਰਕਾਰ ਲੋਕ ਹਿਤ ਦੀ ਗੱਲ ਕਰ ਸਕਦੀ ਹੈ?" ਉਨ੍ਹਾਂ ਆਮ ਆਦਮੀ ਪਾਰਟੀ ਉੱਤੇ ਇਲਜ਼ਾਮ ਲਾਇਆ ਕਿ ਇਹ ਸਰਕਾਰ ਪੰਜਾਬ ਦੀ ਜਮੀਨ ਨੂੰ ਉਦਯੋਗਪਤੀਆਂ ਨੂੰ ਵੇਚਣ ਲਈ ਜ਼ਮੀਨੀ ਪੱਧਰ 'ਤੇ ਪਲਾਨ ਬਣਾਈ ਬੈਠੀ ਹੈ।ਉਨ੍ਹਾਂ ਅੱਗੇ ਕਿਹਾ ਕਿ ਲੈਂਡ ਪੁਲਿੰਗ ਸਕੀਮ, ਜੋ ਦਿੱਲੀ ਮਾਡਲ ਦੀ ਤਰਜ਼ 'ਤੇ ਲਿਆਂਦੀ ਜਾ ਰਹੀ ਹੈ, ਪੰਜਾਬੀ ਜਣਤਾ, ਖ਼ਾਸ ਕਰਕੇ ਕਿਸਾਨ ਵਰਗ ਲਈ ਮਾੜੀ ਖ਼ਬਰ ਹੈ। "ਇਹ ਸਕੀਮ ਕਿਸਾਨਾਂ ਦੀ ਜ਼ਮੀਨ ਨੂੰ ਇਕੱਠਾ ਕਰਕੇ, ਉਸ 'ਤੇ ਰਿਹਾਇਸ਼ੀ ਜਾਂ ਵਪਾਰਕ ਪ੍ਰਾਜੈਕਟ ਬਣਾਉਣ ਦੀ ਯੋਜਨਾ ਹੈ, ਜਿਸ 'ਚ ਕਿਸਾਨਾਂ ਦੀ ਭਲਾਈ ਦੀ ਕੋਈ ਗੱਲ ਨਹੀਂ ਕੀਤੀ ਗਈ।"ਧਰਨੇ ਵਿੱਚ ਖਾਸ ਤੌਰ ਤੇ ਮਹਿਲਾਵਾਂ ਅਤੇ ਨੌਜਵਾਨ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਮੋਹਿਤ ਮਹਿੰਦਰਾ ਨੇ ਹੋਰ ਕਿਹਾ ਕਿ ਪੰਜਾਬ ਸਰਕਾਰ "ਜੇਕਰ ਇਹ ਸਕੀਮ ਥੋਪੀ ਗਈ ਤਾਂ ਪੰਜਾਬ ਵਿੱਚ ਇੱਕ ਨਵੀਂ ਕਿਸਮ ਦੀ ਬਰਬਾਦੀ ਆਵੇਗੀ, ਜਿਸ ਤੋਂ ਮੁਕਤ ਹੋਣਾ ਮੁਸ਼ਕਿਲ ਹੋ ਜਾਵੇਗਾ।" ਉਨ੍ਹਾ ਕਿਹਾ ਕਿ ਇਸ ਵਿਵਾਦਿਤ ਸਕੀਮ ਨੂੰ ਤੁਰੰਤ ਰੱਦ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਜ਼ਿਲਾ ਪੱਧਰੀ ਨਹੀਂ ਸੂਬਾ ਪੱਧਰੀ ਅੰਦੋਲਨ ਕੀਤਾ ਜਾਵੇਗਾ।ਸਰਕਾਰ ਵੱਲੋਂ ਜਵਾਬ ਦੀ ਉਡੀਕ-ਹਾਲਾਂਕਿ ਸਰਕਾਰ ਵੱਲੋਂ ਅਜੇ ਤਕ ਇਸ ਧਰਨੇ ਜਾਂ ਕਾਂਗਰਸ ਵੱਲੋਂ ਉਠਾਈਆਂ ਗਈਆਂ ਮੰਗਾਂ 'ਤੇ ਕੋਈ ਸਰਕਾਰੀ ਪ੍ਰਤੀਕਿਰਿਆ ਨਹੀਂ ਆਈ, ਪਰ ਅੰਦੇਸ਼ਾ ਜਤਾਇਆ ਜਾ ਰਿਹਾ ਹੈ ਕਿ ਲੈਂਡ ਪੁਲਿੰਗ ਸਕੀਮ ਖਿਲਾਫ ਵਧ ਰਹੀ ਜਨਤਕ ਨਾਰਾਜ਼ਗੀ ਦੇ ਮੱਦੇਨਜ਼ਰ ਸਰਕਾਰ ਨੂੰ ਆਪਣਾ ਫੈਸਲਾ ਦੁਬਾਰਾ ਸੋਚਣਾ ਪਵੇਗਾ।ਲੈਂਡ ਪੁਲਿੰਗ ਸਕੀਮ ਨੂੰ ਲੈ ਕੇ ਜਿੱਥੇ ਸਰਕਾਰ ਇਸ ਨੂੰ ਵਿਕਾਸੀ ਪਹਿਲ ਦੱਸ ਰਹੀ ਹੈ, ਉਥੇ ਵਿਰੋਧੀ ਪਾਰਟੀਆਂ ਅਤੇ ਲੋਕ ਇਸਨੂੰ ਜ਼ਮੀਨ ਹੜਪਣ ਦੀ ਯੋਜਨਾ ਕਰਾਰ ਦੇ ਰਹੇ ਹਨ। ਅਜਿਹਾ ਲੱਗਦਾ ਹੈ ਕਿ ਅਗਲੇ ਕੁਝ ਦਿਨਾਂ ਵਿੱਚ ਇਹ ਮਸਲਾ ਹੋਰ ਵੀ ਗੰਭੀਰ ਰੂਪ ਧਾਰਨ ਕਰ ਸਕਦਾ ਹੈ।

# ਅੰਮ੍ਰਿਤਸਰ 'ਚ 6 ਅਤਿ-ਆਧੁਨਿਕ ਪਿਸਤੌਲਾਂ ਸਮੇਤ 5 ਵਿਅਕਤੀ ਗ੍ਰਿਫ਼ਤਾਰ

Desi Punjab YouTube www.desipunjab.in




ਰਣਜੀਤ ਸਿੰਘ ਮਸੌਣ ਜੋਗਾ ਸਿੰਘ ਰਾਜਪੂਤ ਚੰਡੀਗੜ੍ਹ/ਅੰਮ੍ਰਿਤਸਰ, 1 ਅਗਸਤ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੌਰਾਨ ਵੱਡੀ ਖੁਫ਼ੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਾਂ ਵਾਲੇ ਇੱਕ ਗੈਰ-ਕਾਨੂੰਨੀ ਹਥਿਆਰ ਤਸ਼ਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਇਸਦੇ ਪੰਜ ਕਾਰਕੁੰਨਾਂ ਨੂੰ ਛੇ ਆਧੁਨਿਕ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁੱਕਰਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਗਰੂਪ ਸਿੰਘ ਵਾਸੀ ਧੁੰਨ (ਤਰਨਤਾਰਨ), ਨਵਦੀਪ ਸਿੰਘ ਵਾਸੀ ਪੱਤੀ ਲਾਹੀਆਂ ਦੀ (ਤਰਨ ਤਾਰਨ), ਅਰਸ਼ਦੀਪ ਸਿੰਘ ਵਾਸੀ ਸ਼ਾਲੀਵਾਲ (ਅੰਮ੍ਰਿਤਸਰ), ਗੁਰਲਾਲ ਸਿੰਘ ਵਾਸੀ ਰਾਜੋਕੇ (ਤਰਨਤਾਰਨ) ਅਤੇ ਜੋਬਨ ਸਿੰਘ ਵਾਸੀ ਪੱਤੀ ਮਾਨਾ ਕੀ (ਤਰਨ ਤਾਰਨ) ਵੱਜੋਂ ਹੋਈ ਹੈ। ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਜਗਰੂਪ ਸਿੰਘ ਅਤੇ ਨਵਦੀਪ ਸਿੰਘ ਜੁਰਾਇਮ-ਪੇਸ਼ਾ ਅਤੇ ਅਪਰਾਧਿਕ ਪਿਛੋਕੜ ਵਾਲੇ ਅਪਰਾਧੀ ਹਨ ਅਤੇ ਉਨ੍ਹਾਂ ਵਿਰੁੱਧ ਅਸਲਾ ਐਕਟ ਅਤੇ ਐਨਡੀਪੀਐਸ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ।

ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਚਾਰ 9 ਐਮਐਮ ਗਲੌਕ ਪਿਸਤੌਲਾਂ ਅਤੇ ਦੋ .30 ਬੋਰ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਜ਼ਿੰਦਾ ਕਾਰਤੂਸ ਸ਼ਾਮਲ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਾਕਿਸਤਾਨ ਸਥਿਤ ਤਸ਼ਕਰ ਰਾਣਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ, ਜੋ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਭੇਜਦਾ ਸੀ।

ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪੰਜਾਬ ਵਿੱਚ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰ ਕਰਦੇ ਸਨ ਤਾਂ ਜੋ ਸਰਹੱਦੀ ਰਾਜ ਦੀ ਸ਼ਾਂਤੀ ਨੂੰ ਢਾਹ ਲਾਈ ਜਾ ਸਕੇ।

ਡੀਜੀਪੀ ਨੇ ਕਿਹਾ ਕਿ ਸੀ.ਆਈ. ਅੰਮ੍ਰਿਤਸਰ ਦੀਆਂ ਟੀਮਾਂ ਨੂੰ ਤਰਨ ਤਾਰਨ ਅਤੇ ਅੰਮ੍ਰਿਤਸਰ ਜ਼ਿਲਿਆ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰਾਂ ਤੋਂ ਹਥਿਆਰਾਂ ਦੀ ਖੇਪ ਪ੍ਰਾਪਤ ਹੋਣ ਬਾਰੇ ਪੁਖ਼ਤਾ ਖੁਫ਼ੀਆ ਇਤਲਾਹ ਮਿਲੀ ਸੀ। ਇਸ 'ਤੇ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ, ਪੁਲਿਸ ਟੀਮਾਂ ਨੇ ਅੰਮ੍ਰਿਤਸਰ-ਭਿੱਖੀਵਿੰਡ ਰੋਡ 'ਤੇ ਸਥਿਤ ਬੱਸ ਸਟਾਪ ਪੰਜਵੜ ਦੇ ਨੇੜੇ ਪੰਜ ਤੋਂ ਵੱਧ ਵਿਅਕਤੀਆਂ ਨੂੰ ਉਦੋਂ ਰੋਕਿਆ, ਜਦੋਂ ਉਹ (ਮੁਲਜ਼ਮ) ਉਨ੍ਹਾਂ ਗੈਂਗਸਟਰਾਂ ਦੀ ਉਡੀਕ ਕਰ ਰਹੇ ਸਨ, ਜਿਨ੍ਹਾਂ ਨੂੰ ਖੇਪ ਅੱਗੇ ਪਹੁੰਚਾਈ ਜਾਣੀ ਸੀ। ਡੀਜੀਪੀ ਨੇ ਦੱਸਿਆਂ ਕਿ ਕਾਰਵਾਈ ਦੌਰਾਨ ਉਕਤ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਨੈੱਟਵਰਕ ਦੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਪਰ ਅਜਿਹੀਆਂ ਸਭ ਕੁਚਾਲਾਂ ਦੇ ਬਾਵਜੂਦ ਵੀ 1857 ਦੇ ਦਰਮਿਆਨ ਸਮੇਂ 'ਚ ਭਾਰਤੀ ਲੋਕਾਂ ਦੀ ਏਕਤਾ ਤੇ ਸਾਂਝੀਵਾਲਤਾ ਵੇਖਣ ਯੋਗ ਸੀ। ਗਾਂ ਪੂਜਣ ਵਾਲੇ ਤੇ ਗਾਂ ਖਾਣ ਵਾਲੇ ਸਭ ਇਕੱਠੇ ਹੋ ਕੇ ਅੰਗਰੇਜ਼ ਵਿਰੁੱਧ ਤਨਦੇਹੀ ਨਾਲ ਲੜ ਰਹੇ ਸਨ। ਜੋ ਸਰਕਾਰ ਵਾਸਤੇ ਇੱਕ ਵੱਡੀ ਚੁਣੌਤੀ ਬਣ ਗਈ ਸੀ।ਪੂਰੀ ਢੀਠਤਾਈ ਨਾਲ ਡੀ ਸੀ ਫ਼ਰੈਡਰਿਕ ਕੂਪਰ ਆਪਣੀ ਸੂਰਮਗਤੀ ਦੱਸਦਿਆਂ ਲਿਖਦਾ ਹੈ ਕਿ 31ਜੁਲਾਈ 1857 ਨੂੰ 500 ਦੇ ਕਰੀਬ ਲਾਹੌਰ ਛਾਉਣੀ ਤੋਂ ਭਗੌੜੇ ਸੈਨਿਕ ਜੋ ਅਜਨਾਲਾ ਤੋਂ ਛੇ ਕੁਝ ਕਿਲੋਮੀਟਰ ਦੂਰ ਰਾਵੀ ਦਰਿਆ ਦੇ ਕੰਢੇ ਤੇ ਬੈਠੇ ਸਨ।

ਅਸੀਂ ਇਹਨਾਂ ਨੂੰ ਘੇਰ ਲਿਆ। ਗਿਰਫ਼ਤਾਰੀਆਂ ਦਾ ਵਿਰੋਧ ਕਰਦੇ ਇੱਕ ਸੌ ਪੰਜਾਹ ਤੋਂ ਵਧੇਰੇ ਗੋਲ਼ੀਆਂ ਨਾਲ ਭੁੰਨ ਦਿੱਤੇ ।50ਕੁ ਹੋਰ ਝੜਪਾਂ ਦੌਰਾਨ ਮਾਰੇ ਗਏ। 237 ਅਸੀਂ ਦਸ ਦਸ ਦੀਆਂ ਟੋਲੀਆਂ ਬਣਾ ਕੇ ਗੋਲੀਆਂ ਨਾਲ ਮਾਰ ਦਿੱਤੇ ਅਤੇ 45 ਕੁ ਸਾਹ ਘੁੱਟਣ ਨਾਲ ਮਰ ਗਏ। ਜਿਸ ਪਿੱਛੋਂ ਇਹਨਾਂ ਲਾਸ਼ਾਂ ਨੂੰ ਧੂਹ ਕੇ ਥਾਣੇ ਦੇ ਸਾਹਮਣੇ ਇੱਕ ਖ਼ੂਹ ਵਿਚ ਸੁੱਟ ਦਿੱਤਾ ਗਿਆ ਤੇ ਉਪਰ ਮਿੱਟੀ ਪਾ ਦਿਤੀ ਗਈ। ਕਿਉਂਕਿ ਜੇਕਰ ਇਹਨਾਂ ਲਾਸ਼ਾਂ ਦਾ ਰਹੁ ਰੀਤਾਂ ਨਾਲ ਸੰਸਕਾਰ ਕਰਦੇ ਤਾਂ ਤਿੰਨ- ਚਾਰ ਹਜ਼ਾਰ ਮਣ ਲੱਕੜ ਚਾਹੀਦੀ ਸੀ, ਇਸ ਲਈ ਖ਼ੂਹ ਵਿਚ ਦਫ਼ਨ ਕਰਨ ਵਾਲਾ ਤਰੀਕਾ ਲੱਭਿਆ ਗਿਆ। ਅਜਨਾਲਾ ਵਿਖੇ ਇਨ੍ਹਾਂ ਸੈਨਿਕਾ ਨਾਲ ਜੋ ਹੋਇਆ ਬੀਤਿਆਂ ਉਹ ਦਰਸਾਉਂਦਾ ਹੈ ਕਿ ਪੰਜਾਬ 1857 ਦੇ ਗਦਰ ਮੌਕੇ ਗੈਰ ਹਾਜ਼ਰ ਨਹੀਂ ਸੀ ਤੇ ਦੇਸ਼ ਦੇ ਹੋਰਨਾਂ ਹਿੱਸਿਆ ਵਾਂਗ ਕੁਝ ਝੋਲੀ-ਚੁੱਕਾ ਨੂੰ ਛੱਡ ਕੇ ਪੰਜਾਬੀਆਂ ਦੀਆਂ ਅੱਖਾਂ ਵਿੱਚ ਵੀ ਵਿਰੋਧ ਦੀ ਲਾਲੀ ਸੀ, ਕਿ ਉਹ ਅੰਗਰੇਜ ਰਾਜ ਨੂੰ ਸਖਤ ਨਫਰਤ ਕਰਦੇ ਹਨ ਤੇ ਉਸ ਦੇ ਕੁਕਰਮਾਂ ਦੀ ਨਿੰਦਾ ਕਰਦੇ ਹਨ। ਇਹ ਸਾਕਾ ਇਹ ਵੀ ਝੁਠਲਾਉਂਦਾ ਹੈ ਕਿ 1857ਵਿਚ ਪੰਜਾਬ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਇਹ ਕਿਵੇਂ ਹੋਇਆ ਕਿ ਅੰਗਰੇਜ ਦੀਆਂ ਕਰੂਰਤਾਂ ਭਰੀਆਂ ਘਟਨਾਵਾਂ ਸਾਡੇ ਇਤਿਹਾਸ ਦਾ ਹਿੱਸਾ ਹੀ ਨਾ ਬਣ ਸਕੀਆਂ ?

ਵਿੰਡਬਨਾ ਇਹ ਹੈ ਕਿ ਅਜ਼ਾਦੀ ਤੋਂ 78 ਸਾਲ ਪਿੱਛੇ ਤੱਕ ਵੀ ਸਾਡੇ ਦੇਸ਼ ਦੇ ਹਾਕਮ 1920 ਵਿੱਚ ਅੰਗਰੇਜ ਰਾਜ ਦੀ ਲੰਮੀ ਉਮਰ ਲਈ ਲੜਦੇ ਮਰੇ ਸਿਪਾਹੀਆਂ ਦੀ ਯਾਦ ਵਿੱਚ ਉਸਾਰੇ ਇੰਡੀਆ ਗੇਟ' ਨੂੰ ਸਲੂਟ ਮਾਰ ਰਹੇ ਹਨ। ਅਜਿਹਾ ਕਿਉਂ ਹੋ ਰਿਹਾ ਹੈ? ਅਜਨਾਲਾ ਵਿਖੇ ਸ਼ਹੀਦ ਹੋਏ ਸਿਪਾਹੀ ਗੈਰ ਪੰਜਾਬੀ ਸਨ, ਇਸ ਕਰਕੇ ਸ਼ਾਇਦ ਇਸ ਕਾਂਡ ਨੂੰ ਭੁੱਲ-ਭੁਲਾ ਦਿੱਤਾ ਗਿਆ ਹੈ। ਇਹਨਾਂ ਦੀਆਂ ਕੁਰਬਾਨੀਆਂ ਵੀ ਇਤਿਹਾਸ ਦਾ ਬਹੁਮੁੱਲਾ ਅੰਗ ਹਨ। ਇਹਨਾਂ ਨੂੰ ਯਾਦ ਕਰੀਏ, ਸਿਜਦਾ ਕਰੀਏ। ਮੌਜੂਦਾ ਸਮੇਂ ਵਿਚ ਦਹਾਕਾ ਕੁ ਪਹਿਲਾਂ ਇਸ ਖੂਹ ਨੂੰ ਲੱਭ ਕੇ ਇਸ ਵਿੱਚੋਂ ਉਹਨਾਂ ਫੌਜੀ ਸ਼ਹੀਦਾਂ ਦੇ ਕੰਕਾਲ ਬੜੇ ਅਦਬ ਨਾਲ ਬਾਹਰ ਕੱਢ ਕੇ ਹਰਿਦੁਆਰ ਜਲ ਪ੍ਰਵਾਹ ਕਰ ਦਿੱਤੇ ਗਏ ਹਨ। ਖੂਹ ਦੀ ਸਾਂਭ ਸੰਭਾਲ ਵਾਸਤੇ ਇੱਕ ਕਮੇਟੀ ਬਣਾਈ ਗਈ ਹੈ, ਜਿਸ ਵਲੋਂ ਇਥੇ ਇਕ ਸੁੰਦਰ ਗੁਰਦੁਆਰਾ ਵੀ ਉਸਾਰਿਆ ਗਿਆ ਹੈ, ਖੂਹ ਵਿਚੋਂ ਮਿਲੀਆਂ ਨਿਸ਼ਾਨੀਆਂ ਨੂੰ ਸਾਂਭਿਆ ਗਿਆ ਹੈ। ਲੋਕ ਇਸ ਨੂੰ ਦੇਖਣ ਆਉਂਦੇ ਹਨ।ਇਕੱਤੀ ਜੁਲਾਈ ਤੇ ਇੱਕ ਅਗਸਤ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਲ ਸਿਵਲ ਅਧਿਕਾਰੀਆਂ, ਲੋਕਾਂ ਅਤੇ ਆਰਮੀ ਦੇ ਸਾਬਕਾ ਤੇ ਮੌਜੂਦਾ ਅਧਿਕਾਰੀਆਂ ਵਲੋਂ ਫੁੱਲ ਮਿਲਾਵਾਂ ਭੇਂਟ ਕਰਨ ਵਾਲਾ ਸਮਾਗਮ ਰਚਾਇਆ ਜਾਂਦਾ ਹੈ।

*ਗੁਰਪ੍ਰੀਤ ਸਿੰਘ ਕੱਦ ਗਿੱਲ* ਇਸ ਸਬੰਧੀ ਆਰਮਜ਼ ਐਕਟ ਦੀ ਧਾਰਾ 25, 25(1)(ਏ) ਅਤੇ 25(1)(ਬੀ) ਅਤੇ ਬੀਐਨਐਸ ਦੀ ਧਾਰਾ 61(2) ਦੇ ਤਹਿਤ ਐਫਆਈਆਰ ਨੰਬਰ 42 ਮਿਤੀ 01-08-2025 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਸਿੱਖ ਰਿਕਵਰੀ ਨੈੱਟਵਰਕ ਯੂਕੇ, ਨਸ਼ਾ ਛੁੜਵਾਣ ਵਿਚ ਮਦਦ ਕਰਣ ਵਾਲੀ ਸੰਸਥਾ ਵੱਲੋਂ ਕੈਨੇਡਾ ਦਾ ਸਫਲ ਦੌਰਾ - ਜਸਵਿੰਦਰ ਸਿੰਘ ਰਾਏ

Desi Punjab YouTube www.desipunjab.in

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਰਿਕਵਰੀ ਨੈੱਟਵਰਕ ਜੋ ਕਿ ਇੰਗਲੈਂਡ ਵਿੱਚ ਨਸ਼ੇ ਛੁਡਾਉਣ ਲਈ ਸਥਾਪਿਤ ਕੀਤੀ ਹੋਈ ਸੰਸਥਾ ਹੈ ਬੀਤੇ ਦਿਨੀ ਕੈਨੇਡਾ ਦਾ ਬਹੁਤ ਹੀ ਸਫਲਤਾਪੂਰਵਕ ਦੌਰਾ ਕੀਤਾ ਗਿਆ। ਸੰਸਥਾ ਵੱਲੋਂ ਅਯੋਜਿਤ ਕੈਂਪਾਂ ਵਿੱਚ 21 ਤੋਂ 77 ਸਾਲ ਦੀ ਉਮਰ ਵਾਲਿਆਂ ਦੇ ਭਰਵੇਂ ਇਕੱਠ ਹੋਏ। ਅਸੀਂ ਉਮੀਦ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਕੈਨੇਡਾ ਟੀਮ ਨਾਲ ਸੰਪਰਕ ਬਣਿਆ ਰਹੇਗਾ ਅਤੇ ਇਕ ਟੀਮ ਦੀ ਤਰ੍ਹਾਂ ਕੰਮ ਕਰਦੇ ਹੋਏ ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਨਸ਼ਿਆ ਦੀ ਆਦਤ ਤੋਂ ਪੀੜਤ ਵਿਅਕਤੀਆਂ ਦੀ ਮੱਦਦ ਕਰਨ ਦੀ ਕੋਸ਼ਿਸ਼ ਕਰਦੇ ਰਹਾਂਗੇ। ਜਿਕਰਯੋਗ ਹੈ ਕਿ ਸਿੱਖ ਰਿਕਵਰੀ ਨੈੱਟਵਰਕ ਸੰਸਥਾ ਇੰਗਲੈਂਡ ਵਿੱਚ ਸੰਨ 2016 ਵਿੱਚ ਸਥਾਪਤ ਕੀਤੀ ਗਈ ਹੈ। ਸੰਨ 2023 ਤੋਂ ਲੈ ਕੇ ਹੁਣ ਤੱਕ 7 ਨਸ਼ਾ ਛੁਡਾਊ ਕੈਂਪ ਲਗਾਏ ਗਏ ਹਨ ਇਨ੍ਹਾ ਵਿੱਚ ਨਸ਼ਿਆਂ ਦੀ ਆਦਤ ਤੋਂ ਛੁਟਕਾਰਾ ਪਾਉਣ ਲਈ ਧਰਮ ਅਧਾਰਿਤ ਹੱਲ ਪ੍ਰਦਾਨ ਕੀਤਾ ਜਾਂਦਾ ਹੈ । ਸੰਸਥਾ ਦਾ ਅਗਲਾ ਕੈਂਪ ਸਿਤੰਬਰ ਮਹੀਨੇ ਟੈਲਫੋਰਡ ਸ਼ਹਿਰ ਵਿੱਚ ਲਗਾਇਆ ਜਾਵੇਗਾ। ਉਨ੍ਹਾਂ ਦਸਿਆ ਕਿ ਨਸ਼ਾ ਛੁਡਾਉਣ ਦੇ ਖੇਤਰ ਵਿੱਚ ਉਨ੍ਹਾਂ ਦੀ ਸੰਸਥਾ ਸਿੱਖ ਰਿਕਵਰੀ ਨੈੱਟਵਰਕ ਇੰਗਲੈਂਡ ਯੂਕੇ ਦੀ ਸਰਕਾਰ ਵੱਲੋਂ ਵੀ ਮਾਨਤਾ ਪ੍ਰਾਪਤ ਹੈ। ਅੰਤ ਵਿਚ ਉਨ੍ਹਾਂ ਕਿਹਾ ਕਿ ਅਸੀਂ ਸ਼ੇਅਰ ਚੈਰਿਟੀ ਯੂਕੇ, ਨੈਸ਼ਨਲ ਸਿੱਖ ਪੁਲਿਸ ਐਸੋਸੀਏਸ਼ਨ ਯੂਕੇ, ਸਿੱਖ ਅਲਾਇੰਸ ਫਾਊਂਡੇਸ਼ਨ, ਖਾਲਸਾ ਖਾਲਸਾ ਸਕੂਲ ਨਿਊਟਨ, ਰੈੱਡ ਸੈਂਟਰ ਮਿਰਾਕਲ ਵੈਲੀ ਕਨੇਡਾ, ਐਫਐਮ, ਕੁਨੈਕਟ, ਸ਼ੇਰੇ ਪੰਜਾਬ ਵਾਪਸੀ ਰਿਕਵਰੀ ਹਾਊਸ ਕੈਨੇਡਾ, ਰੇਡੀਓ ਸਟੇਸ਼ਨ, ਅਨੰਦ ਫਾਊਂਡੇਸ਼ਨ ਸੁੱਖ ਸਾਗਰ ਗੁਰਦਵਾਰਾ ਸਾਹਿਬ, ਅਤੇ ਭਾਈ ਬਲਦੀਪ ਸਿੰਘ ਜੀ ਦੇ ਗੁਰਦਵਾਰਾ ਦੁੱਖ ਨਿਵਾਰਨ ਸਾਹਿਬ ਸੁਹਿਰਦ ਸਹਿਯੋਗ ਲਈ ਅਤਿ ਸਰੀ ਬੀਸੀ, ਅਖੰਡ ਕੀਰਤਨੀ ਜਥਾ, ਧੰਨਵਾਦੀ ਹਾਂ।



# ਸੀ.ਟੀ. ਯੂਨੀਵਰਸਿਟੀ ਨੇ ਮਾਰਸ਼ਲ ਆਰਟਸ 'ਚ ਅੰਤਰਰਾਸ਼ਟਰੀ ਪੱਧਰ 'ਤੇ ਦਰਜ ਕਰਵਾਈ ਸ਼ਾਨਦਾਰ ਉਪਲਬਧੀ

Desi Punjab YouTube www.desipunjab.in

ਲੁਧਿਆਣਾ 1 ਅਗਸਤ (ਕਰਨੈਲ ਸਿੰਘ ਐੱਮ.ਏ.) ਸੀ.ਟੀ. ਯੂਨੀਵਰਸਿਟੀ ਨੂੰ ਮਾਣ ਹੈ ਕਿ ਉਸਦੇ ਸਮਰਪਿਤ ਵਿਦਿਆਰਥੀ ਅਤੇ ਖਿਡਾਰੀ ਸਚਿਨ ਸੈਣੀ ਨੇ ਭਾਰਤ ਦੀ ਨੁਮਾਇੰਦਗੀ ਕਰਦਿਆਂ 9ਵੀਂ ਏਸ਼ੀਅਨ ਪੇਨਚਕ ਸਿਲਾਟ ਚੈਂਪੀਅਨਸ਼ਿਪ 2025, ਜੋ ਕਿ ਵੀਅਤਨਾਮ ਵਿੱਚ ਹੋਈ, 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਓਪਨ -1 ਸ਼੍ਰੇਣੀ (95 ਕਿ.ਗ੍ਰਾ –110 ਕਿ.ਗ੍ਰਾ) ਵਿੱਚ ਮੁਕਾਬਲਾ ਕਰਦਿਆਂ ਸਚਿਨ ਨੇ ਆਪਣੀ ਸ਼ਕਤੀ, ਟੈਲੰਟ ਅਤੇ ਹੌਂਸਲੇ ਨਾਲ ਬਰਾਂਜ਼ ਮੈਡਲ ਹਾਸਲ ਕੀਤਾ। ਇਹ ਸਿਰਫ਼ ਸੀ.ਟੀ. ਯੂਨੀਵਰਸਿਟੀ ਹੀ ਨਹੀਂ, ਸਗੋਂ ਸਾਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਇਹ ਜਿੱਤ ਸੈਸ਼ਨ 2025–26 ਦੀ ਸ਼ੁਰੂਆਤ ਨੂੰ ਹੋਰ ਵੀ ਰੰਗਦਾਰ ਬਣਾ ਰਹੀ ਹੈ ਅਤੇ ਇਹ ਸੀ.ਟੀ. ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਖੇਡ ਪੱਧਰ 'ਤੇ ਵਧ ਰਹੀ ਪਹਿਚਾਣ ਨੂੰ ਦਰਸਾਉਂਦੀ ਹੈ। ਸੀ.ਟੀ. ਯੂਨੀਵਰਸਿਟੀ ਵੱਲੋਂ ਸਚਿਨ, ਸਪੋਰਟਸ ਡਿਪਾਰਟਮੈਂਟ ਅਤੇ ਸਾਰੀ ਸੀ.ਟੀ. ਪਰਿਵਾਰ ਨੂੰ ਦਿਲੋਂ ਵਧਾਈਆਂ।ਖਾਸ ਧੰਨਵਾਦ: ਇੰਜੀਨੀਅਰ ਦਵਿੰਦਰ ਸਿੰਘ, ਡਾਇਰੈਕਟਰ, ਡਿਪਾਰਟਮੈਂਟ ਆਫ਼ ਸਟੂਡੈਂਟਸ ਵੈਲਫੇਅਰਅਤੇ ਗੁਰਦੀਪ ਸਿੰਘ, ਹੈੱਡ, ਸਪੋਰਟਸ ਡਿਪਾਰਟਮੈਂਟ — ਜਿਨ੍ਹਾਂ ਨੇ ਸਚਿਨ ਦੀ ਇਸ ਜਰਨੀ ਵਿਚ ਪੂਰਾ ਸਹਿਯੋਗ ਦਿੱਤਾ। ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਕਿਹਾ:"ਇਹ ਸਿਰਫ਼ ਮੈਡਲ ਨਹੀਂ, ਇਹ ਇੱਕ ਸੰਦੇਸ਼ ਹੈ – ਕਿ ਸੀ.ਟੀ. ਯੂਨੀਵਰਸਿਟੀ ਦੇ ਵਿਦਿਆਰਥੀ ਦੁਨੀਆ ਦੇ ਮੰਚ 'ਤੇ ਭਾਰਤ ਦੀ ਨੁਮਾਇੰਦਗੀ ਕਰਨ ਦੇ ਯੋਗ ਹਨ। ਸਚਿਨ ਦੀ ਜਿੱਤ ਹਰ ਵਿਦਿਆਰਥੀ ਨੂੰ ਵੱਡਾ ਸੁਪਨਾ ਦੇਖਣ ਅਤੇ ਵੱਡੀ ਉਪਲਬਧੀ ਹਾਸਲ ਕਰਨ ਲਈ ਪ੍ਰੇਰਿਤ ਕਰਦੀ ਹੈ।"

ਪ੍ਰੋ ਚਾਂਸਲਰ ਡਾ: ਮਨਬੀਰ ਸਿੰਘ ਨੇ ਕਿਹਾ:"ਸਚਿਨ ਦੀ ਇਹ ਅੰਤਰਰਾਸ਼ਟਰੀ ਸਫਲਤਾ ਸਾਨੂੰ ਬੇਹੱਦ ਮਾਣ ਦੇਣ ਵਾਲੀ ਹੈ। ਉਸਦਾ ਜਜ਼ਬਾ ਅਤੇ ਡਿਸ਼ਿਪਲਿਨ ਕਾਬਿਲ-ਏ-ਤਾਰੀਫ਼ ਹੈ। ਇਹ ਕਾਮਯਾਬੀ ਸਿਖਲਾਈ ਅਤੇ ਖੇਡ ਦੋਵੇਂ ਵਿੱਚ ਸੀ.ਟੀ. ਦੀ ਮਹਾਨਤਾ ਨੂੰ ਦਰਸਾਉਂਦੀ ਹੈ।" ਇਹ ਜਿੱਤ ਸੀ.ਟੀ. ਯੂਨੀਵਰਸਿਟੀ ਵਿੱਚ ਮਜ਼ਬੂਤ ਖੇਡ ਸੱਭਿਆਚਾਰ ਦਾ ਸ੍ਰੋਤ ਹੈ ਅਤੇ ਸਾਲ 2025-26 ਲਈ ਉਤਸ਼ਾਹ, ਮਾਣ ਅਤੇ ਅੰਤਰਰਾਸ਼ਟਰੀ ਉਪਲਬਧੀਆਂ ਨਾਲ ਭਰਪੂਰ ਹੋਣ ਦੀ ਸ਼ੁਰੂਆਤ ਹੈ।



# ਸੁਸ਼ੀਲਾ ਦੇਵੀਂ ਪਬਲਿਕ ਸਕੂਲ ਵੱਲੋਂ ਸੀ.ਬੀ.ਐੱਸ.ਸੀ. ਕਲੱਸਟਰ ਐਥਲੀਟ ਮੀਟ ਮਹਾਕੁੰਭ ਦਾ ਸ਼ਾਨਦਾਰ ਆਗਾਜ਼

Desi Punjab YouTube www.desipunjab.in

ਪਟਿਆਲਾ, 1 ਅਗਸਤ (ਪ੍ਰਤੀਨਿਧੀ): ਸੁਸ਼ੀਲਾ ਦੇਵੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਰੇਖਾ ਗੁਪਤਾ ਅਤੇ ਕੋਚ ਸਤਵਿੰਦਰ ਸਿੰਘ ਦੀ ਅਗਵਾਈ ਹੇਠ ਪਟਿਆਲਾ ਦੇ ਪੰਜਾਬੀ ਯੂਨੀਵਰਸਿਟੀ ਵਿੱਚ ਅੱਜ ਸੀ.ਬੀ.ਐੱਸ.ਸੀ. ਕਲੱਸਟਰ 17 ਐਥਲੀਟ ਖੇਡਾਂ ਦਾ ਸ਼ਾਨਦਾਰ ਸ਼ੁਭਾਰੰਭ ਹੋਇਆ। ਇਨ੍ਹਾਂ ਖੇਡਾਂ ਵਿੱਚ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਦੇ ਵੱਖ ਵੱਖ ਸੀ ਬੀ ਐੱਸ ਸੀ ਸਕੂਲਾਂ ਆਈਆਂ ਟੀਮਾਂ ਭਾਗ ਲੈ ਰਹੀਆਂ ਹਨ। ਇਹ ਅਥਲੈਟਿਕ ਮੀਟ ਮਹਾਕੁੰਮ ਤਿੰਨ ਦਿਨਾਂ ਤੱਕ ਚੱਲੇਗਾ ਜਿਸ ਵਿੱਚ ਅੰਡਰ 14 17 ਅਤੇ 19 ਲੜਕੇ ਲੜਕੀਆਂ ਦੇ ਮੁਕਾਬਲੇ ਹੋਣਗੇ।

ਉਦਘਾਟਨ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਏ ਆਈ ਜੀ ਸੁਨੀਤਾ ਰਾਣੀ ਪਦਮਸ਼੍ਰੀ ਐਵਾਰਡ, ਤੇਜਿੰਦਰ ਪਾਲ ਸਿੰਘ ਤੂਰ ਅਰਜੁਨ ਐਵਾਰਡੀ ਉਲੰਪੀਅਨ ਤੇ ਅੰਤਰਰਾਸ਼ਟਰੀ ਥ੍ਰੋਅਰ ਅਤੇ ਏਸ਼ੀਅਨ ਮੈਡਲ ਜੇਤੂ, ਡਾ. ਗੁਰਦੀਪ ਕੌਰ ਰੰਧਾਵਾ ਡਾਇਰੈਕਟਰ ਸਪੋਰਟਸ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗਗਨਦੀਪ ਸਿੰਘ ਅੰਤਰਰਾਸ਼ਟਰੀ ਡਿਸਕਸ ਥ੍ਰੋਅਰ ਐਸ ਆਰ.ਪੈਟੀ ਅਫਸਰ (ਨੇਵੀ), ਡਾਕਟਰ ਰਾਜਦੀਪ ਸਿੰਘ ਡਾਇਰੇਕਟਰ ਪਲੇਵੇ ਸੀਨੀਅਰ ਸੈਕਡਰੀ ਸਕੂਲ, ਵਿਜੇ ਕੁਮਾਰ ਸ਼ਰਮਾ ਅਕਾਊਟੈਂਟ ਪਹਿਲੀ ਕਮਾਂਡੋ ਬਟਾਲੀਅਨ ਬਹਾਦਰਗੜ੍ਹ, ਸ਼੍ਰੀ ਸੰਜੀਵ ਭਾਰਦਵਾਜ ਸੀਬੀਐਸਈ ਅਬਜਰਵਰ ਅਤੇ ਦਾਨਿਸ਼ਾਂਸ਼ ਟੈਕਨੀਕਲ ਡੈਲੀਗੇਟ, ਪਰਮਿੰਦਰ ਸਿੰਘ (ਸਾਈ) ਸੇਵਾਮੁਕਤ ਸੀਨੀਅਰ ਕੋਚ, ਅਰਵਿੰਦਰ ਸਿੰਘ ਪ੍ਰਧਾਨ ਉਮੰਗ ਵੈਲਫੇਅਰ ਫਾਊਂਡੇਸ਼ਨ, ਹਰਭਜਨ ਸਿੰਘ ਸੇਵਾਮੁਕਤ (ਸਾਈ) ਕੋਚ ਐਥਲੈਟਿਕ, ਫੁਲੇਲ ਸਿੰਘ ਕੋਚ ਐਥਲੈਟਿਕ , ਕੋਚ ਪਰਮਿੰਦਰ ਸਿੰਘ, ਕੋਚ, ਰੁਪਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦ ਰਹੇ

ਡੀ.ਐੱਸ.ਪੀ. ਤੇਜਿੰਦਰ ਪਾਲ ਸਿੰਘ ਤੂਰ ਨੇ ਵਿਸ਼ੇਸ਼ ਤੌਰ ਤੇ ਕਿਹਾ ਕਿ ਕੋਚ ਸਤਵਿੰਦਰ ਸਿੰਘ ਦੀ ਸਖਤ ਮਿਹਨਤ ਸਦਕਾ ਸੀਬੀਐਸਈ ਖੇਡਾਂ ਦਾ ਪਟਿਆਲੇ ਵਿੱਚ ਮੁੜ ਤੋਂ ਪੁਨਰ ਜਨਮ ਹੋਇਆ ਹੈ। ਉਨ੍ਹਾ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨੌਜਵਾਨੀ ਵਿਚ ਖੇਡਾਂ ਨੂੰ ਆਪਣੀ ਰੁਟੀਨ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ।

ਏ ਆਈ ਜੀ ਸੁਨੀਤਾ ਰਾਣੀ ਨੇ ਕਿਹਾ ਕਿ ਖੇਡਾਂ ਨੌਜਵਾਨੀ ਦਾ ਅਹਿਮ ਹਿੱਸਾ ਹੋਣੀਆਂ ਚਾਹੀਦੀਆਂ ਹਨ. ਉਨ੍ਹਾ ਵਿਸ਼ੇਸ਼ ਤੌਰ ਤੇ ਆਪਣੀ ਖੇਡ ਜੀਵਨੀ ਬਾਰੇ ਦੱਸਿਆ ਜਿਹਦੇ ਤੋਂ ਬੱਚਿਆਂ ਨੂੰ ਬਹੁਤ ਪ੍ਰੇਰਨਾ ਮਿਲੀ । ਇਸ ਮੁਕਾਬਲੇ ਦੀ ਪ੍ਰਸ਼ੰਸਾ ਕਰਦਿਆਂ ਹੋਇਆ ਉਨਾਂ ਨੇ ਕਿਹਾ ਕਿ ਅਜਿਹੇ ਪਲੇਟਫਾਰਮ ਨੌਜਵਾਨਾਂ ਨੂੰ ਆਤਮ ਵਿਸ਼ਵਾਸ ਦੇ ਨਾਲ ਅੱਗੇ ਵਧਣ ਦਾ ਮੌਕਾ ਦਿੰਦੇ ਹਨ।

ਇਸ ਸਮਾਗਮ ਦੇ ਉੱਤੇ ਆਈਆਂ ਸਾਰੀਆਂ ਸ਼ਖਸ਼ੀਅਤਾਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਸਨਮਾਨਿਤ ਕੀਤਾ ਗਿਆ।



# ਇਸਤਰੀ ਸਤਿਸੰਗ ਸਭਾਵਾਂ ਵੱਲੋਂ ਪੂਰੇ ਉਤਸਾਹ ਨਾਲ 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਭਾਗ ਲੈਣ ਦਾ ਐਲਾਨ*



Desi Punjab YouTube www.desipunjab.in

ਲੁਧਿਆਣਾ 1 ਅਗਸਤ ( ਕਰਨੈਲ ਸਿੰਘ ਐੱਮ.ਏ.) 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਲੁਧਿਆਣਾ ਵੱਲੋਂ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਯੋਜਿਤ ਕੀਤੇ ਜਾਣ ਵਾਲੇ ਸਮੂਹ ਸਮਾਗਮਾਂ ਅੰਦਰ ਲੁਧਿਆਣੇ ਸ਼ਹਿਰ ਦੀਆਂ ਇਸਤਰੀ ਸਤਿਸੰਗ ਸਭਾਵਾਂ, ਕੀਰਤਨ ਤੇ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਪੂਰੇ ਉਤਸ਼ਾਹ ਨਾਲ ਭਾਗ ਲੈਣਗੀਆਂ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇਸਤਰੀ ਸਤਿਸੰਗ ਸਭਾ ਦੀ ਪ੍ਰਮੁੱਖ ਬੀਬੀ ਕਰਤਾਰ ਕੌਰ (ਝਾਂਈ ਜੀ), ਬੀਬੀ ਰਵਿੰਦਰ ਕੌਰ ਸਰਾਭਾ ਨਗਰ, ਬੀਬੀ ਦਲਜੀਤ ਕੌਰ ਤੇ ਬੀਬੀ ਚਰਨਜੀਤ ਕੌਰ ਬੱਬੂ ਭੈਣ ਜੀ ਨੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 ਦੁੱਗਰੀ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਵੱਲੋਂ ਲੁਧਿਆਣਾ ਸ਼ਹਿਰ ਦੀਆਂ ਇਸਤਰੀ ਸਤਿਸੰਗ ਸਭਾਵਾਂ ਦੀਆਂ ਪ੍ਰਮੁੱਖ ਬੀਬੀਆਂ ਦੀ ਸੱਦੀ ਗਈ ਵਿਸ਼ੇਸ਼ ਇਕੱਤਰਤਾ ਉਪਰੰਤ ਸਾਂਝੇ ਤੌਰ ਤੇ ਗੱਲਬਾਤ ਕਰਦਿਆਂ ਹੋਇਆਂ ਕੀਤਾ । ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦੇਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਪੂਰੀ ਇੱਕਜੁੱਟਤਾ ਤੇ ਵੱਡੇ ਪੱਧਰ ਤੇ ਮਨਾਉਣ ਲਈ ਯੂਨਾਈਟਿਡ ਸਿੱਖਜ਼ ਦੀ ਟੀਮ ਵੱਲੋਂ ਕੀਤੇ ਜਾ ਰਹੇ ਉਪਰਾਲੇ ਸਮੁੱਚੀਆਂ ਸੰਗਤਾਂ ਲਈ ਪ੍ਰੇਰਣਾ ਸਰੋਤ ਹਨ ।ਇਸ ਦੌਰਾਨ ਇਕੱਤਰਤਾ ਵਿੱਚ ਆਪਣੇ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਗਿਆਨੀ ਫ਼ਤਿਹ ਸਿੰਘ ਕੋਆਰਡੀਨੇਟਰ 350 ਸਾਲਾਂ ਸ਼ਤਾਬਦੀ ਕਮੇਟੀ ਲੁਧਿਆਣਾ, ਸ੍ਰ: ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਜ਼, ਸਤਨਾਮ ਸਿੰਘ ਸਲ੍ਹੋਪੁਰੀ, ਡਾ: ਪੁਸ਼ਪਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਸ਼ਹੀਦੀ ਸ਼ਤਾਬਦੀ ਦੀ ਅਸਲ ਮਹੱਤਤਾ ਤੇ ਸੁਨੇਹੇ ਨੂੰ ਘਰ-ਘਰ ਪਹੁੰਚਾਣ ਅਤੇ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ, ਸਿੱਖਿਆਵਾ ਤੇ ਫ਼ਲਸਫ਼ੇ ਤੋਂ ਜਾਣੂ ਕਰਵਾਉਣ ਵਿੱਚ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਆਪਣੀ ਮੋਹਰੀ ਭੂਮਿਕਾ ਨਿਭਾਉਣ ਤਾਂ ਹੀ ਸ਼ਹੀਦੀ ਸ਼ਤਾਬਦੀ ਮਨਾਉਣੀ ਸਫਲਾ ਸਿੱਧ ਹੋਵੇਗੀ । ਇਸ ਮੌਕੇ ਵੱਖ-ਵੱਖ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੇ ਰਸਮੀ ਤੌਰ ਤੇ ਐਲਾਨ ਕੀਤਾ ਕਿ 350 ਸਾਲਾਂ ਸ਼ਤਾਬਦੀ ਕਮੇਟੀ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਸਮੂਹ ਸਮਾਗਮਾਂ ਅੰਦਰ ਜਿੱਥੇ ਬੀਬੀਆਂ ਆਪਣੀ ਭਰਵੀ ਸ਼ਮੂਲੀਅਤ ਕਰਨਗੀਆਂ ਉੱਥੇ ਨਾਲ ਹੀ ਪ੍ਰਚਾਰ ਮੁਹਿੰਮ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਵਿੱਚ ਆਪਣਾ ਨਿੱਘਾ ਸਹਿਯੋਗ ਦੇਣਗੀਆਂ ਅਤੇ ਇਸੇ ਲੜੀ ਤਹਿਤ ਸਮੂਹ ਇਸਤਰੀ ਸਤਿਸੰਗ ਸਭਾਵਾਂ ਵੱਲੋਂ ਮਹਾਨ ਇਸਤਰੀ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ । ਇਸ ਦੌਰਾਨ ਉੱਘੇ ਸਿੱਖ ਵਿਦਵਾਨ ਤੇ ਪ੍ਰਚਾਰਕ ਸ੍ਰ: ਸਤਨਾਮ ਸਿੰਘ ਸਲ੍ਹੋਪੁਰੀ ਨੇ ਆਪਣੀ ਸੰਸਥਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਕੁਰਬਾਨੀ ਭਰੇ ਇਤਿਹਾਸ ਨੂੰ ਬੱਚਿਆਂ ਤੱਕ ਪਹੁੰਚਾਣ ਲਈ ਤਿਆਰ ਕੀਤੀ ਗਈ ਸੁਚਿੱਤਰ ਤਸਵੀਰਾਂ ਵਾਲੀ ਪੁਸਤਕਾਂ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੂੰ ਭੇਟ ਕੀਤੀਆਂ ਤੇ ਸਹਿਜ ਪਾਠ ਕਰਨ ਦੀ ਲੜੀ ਨਾਲ ਵੱਧ ਤੋਂ ਵੱਧ ਜੁੜਨ ਦੀ ਤਾਕੀਦ ਵੀ ਕੀਤੀ । ਇਕੱਤਰਤਾ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਸਿੰਘ ਨੇ ਸਮੂਹ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਤੇ ਸ਼ਤਾਬਦੀ ਕਮੇਟੀ ਦੇ ਕਨਵੀਨਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਨਿੱਘਾ ਧੰਨਵਾਦ ਪ੍ਰਗਟ ਕੀਤਾ ਅਤੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਵਿੱਚ ਗੁਰਦੁਆਰਾ ਸਾਹਿਬ ਵੱਲੋਂ ਆਪਣਾ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ । ਇਕੱਤਰਤਾ ਦੌਰਾਨ ਸੁਰਿੰਦਰ ਸਿੰਘ ਮੱਕੜ ਤੇ ਭੁਪਿੰਦਰ ਸਿੰਘ ਮੱਕੜ ਯੂਨਾਈਟਿਡ ਸਿੱਖਜ਼, ਗੁਰਦੀਪ ਸਿੰਘ ਪ੍ਰਧਾਨ ਗੁ.ਮਾਇਆ ਨਗਰ,ਬੀਬੀ ਸਰਨਾ, ਮਨਪ੍ਰੀਤ ਕੌਰ ਬੀ.ਆਰ.ਐਸ ਨਗਰ. ਅਮਰਜੀਤ ਕੌਰ, ਬੀਬੀ ਪਰਮਿੰਦਰ ਕੌਰ, ਬਲਬੀਰ ਕੌਰ, ਬੀਬੀ ਦਵਿੰਦਰ ਕੌਰ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਰਿਆਤ ਕਾਲਜ ਆਫ਼ ਲਾਅ ਦੀ ਐਨਐਸਐਸ ਯੂਨਿਟ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਜਾਗਰੂਕਤਾ ਰੈਲੀ ਦਾ ਕੀਤਾ ਆਯੋਜਨ

Desi Punjab YouTube www.desipunjab.in

ਰੂਪਨਗਰ, 1 ਅਗਸਤ (ਅਜੈ ਪੁਰੀ) ਰਿਆਤ ਕਾਲਜ ਆਫ਼ ਲਾਅ ਦੀ ਐਨਐਸਐਸ ਯੂਨਿਟ ਨੇ "ਸਿਹਤਮੰਦ ਨੌਜਵਾਨ, ਨਸ਼ਾ ਮੁਕਤ ਰਾਸ਼ਟਰ" ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲਾ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਜਾਗਰੂਕਤਾ ਰੈਲੀ ਦਾ ਸਫਲਤਾਪੂਰਵਕ ਆਯੋਜਨ ਕੀਤਾ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਕੁੱਲ ਬਾਰਾਂ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਮੁੱਦੇ 'ਤੇ ਆਪਣੀ ਰਚਨਾਤਮਕਤਾ ਅਤੇ ਜਾਗਰੂਕਤਾ ਦਾ ਪ੍ਰਦਰਸ਼ਨ ਕੀਤਾ ਗਿਆ। ਪੋਸਟਰਾਂ ਦਾ ਮੁਲਾਂਕਣ ਡਾ. ਮਹਿੰਦਰ ਸਿੰਘ (ਵਾਈਸ ਪ੍ਰਿੰਸੀਪਲ), ਡਾ. ਮਮਤਾਜ਼ ਜ਼ਬੀਨ ਖਾਨ (ਸਹਾਇਕ ਪ੍ਰੋਫੈਸਰ) ਵਾਲੇ ਜੱਜਾਂ ਦੇ ਇੱਕ ਪੈਨਲ ਦੁਆਰਾ ਨਤੀਜੇ ਘੋਸ਼ਿਤ ਕੀਤੇ ਗਏ, ਜਿਸ ਵਿੱਚ ਏਕਨੂਰਪ੍ਰੀਤ ਕੌਰ ਨੇ ਪਹਿਲਾ ਸਥਾਨ, ਸਾਕਸ਼ੀ ਧਵਨ ਅਤੇ ਯੇਸ਼ਸਵੀ ਨੇ ਸਾਂਝੇ ਤੌਰ 'ਤੇ ਦੂਜਾ ਸਥਾਨ, ਅਤੇ ਬਬਲਜੀਤ ਅਤੇ ਗੁਰਜੋਤ ਕੌਰ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਮੁਕਾਬਲੇ ਤੋਂ ਬਾਅਦ, ਸਾਰੇ ਐਨਐਸਐਸ ਵਲੰਟੀਅਰਾਂ ਨੇ ਨਸ਼ੇ ਦੀ ਲਤ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਗੋਦ ਲਏ ਪਿੰਡ ਰੈਲਮਾਜਰਾ ਵਿੱਚ ਇੱਕ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਜਾਗਰੂਕਤਾ ਰੈਲੀ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਰੈਲੀ ਵਿੱਚ ਐਲਟੀਐਸਯੂ ਦੀ ਐਨਐਸਐਸ ਯੂਨਿਟ, ਜਿਸਦੀ ਅਗਵਾਈ ਸ਼੍ਰੀਮਤੀ ਰਤਨ ਕੌਰ ਕਰ ਰਹੇ ਸਨ, ਦੇ ਨਾਲ-ਨਾਲ ਐਨਐਸਐਸ ਵਲੰਟੀਅਰ ਵੀ ਸ਼ਾਮਲ ਸਨ। ਰੈਲੀ ਦੇ ਅੰਤ ਵਿੱਚ, ਐਲਟੀਐਸਯੂ ਦੇ ਐਨਐਸਐਸ ਯੂਨਿਟ ਨੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਨੂੰ ਮਨਾਉਣ ਲਈ ਇੱਕ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ, ਜਿਸ ਵਿੱਚ ਰਿਆਤ ਕਾਲਜ ਆਫ਼ ਲਾਅ ਦੇ ਸਾਰੇ ਐਨਐਸਐਸ ਵਲੰਟੀਅਰਾਂ ਨੇ ਵੀ ਮਹਾਨ ਆਜ਼ਾਦੀ ਘੁਲਾਟੀਏ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਿੱਸਾ ਲਿਆ। ਇਹ ਸਾਰਾ ਸਮਾਗਮ ਐਨਐਸਐਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਸੋਹਣੂ ਦੀ ਅਗਵਾਈ ਹੇਠ, ਉਨ੍ਹਾਂ ਦੇ ਟੀਮ ਮੈਂਬਰਾਂ ਸ਼੍ਰੀ ਅਜੀਤਭ ਮਿਸ਼ਰਾ, ਸ਼੍ਰੀਮਤੀ ਨੀਤਿਕਾ ਸੋਨੀ ਅਤੇ ਸ਼੍ਰੀਮਤੀ ਦਿਸ਼ਾ ਖੁੱਲਰ ਦੇ ਸਰਗਰਮ ਸਹਿਯੋਗ ਨਾਲ ਬੜੀ ਸਾਵਧਾਨੀ ਨਾਲ ਆਯੋਜਿਤ ਕੀਤਾ ਗਿਆ ਸੀ। ਰਿਆਤ ਕਾਲਜ ਆਫ਼ ਲਾਅ ਦੀ ਪ੍ਰਿੰਸੀਪਲ ਡਾ. ਮੋਨਿਕਾ ਸ਼ਰਮਾ ਦੁਆਰਾ ਐਨਐਸਐਸ ਯੂਨਿਟ ਦੇ ਯਤਨਾਂ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ, ਜਿਨ੍ਹਾਂ ਨੇ ਵਿਦਿਆਰਥੀਆਂ ਵਿੱਚ ਸਮਾਜਿਕ ਜਾਗਰੂਕਤਾ, ਜ਼ਿੰਮੇਵਾਰ ਨਾਗਰਿਕਤਾ ਅਤੇ ਦੇਸ਼ ਭਗਤੀ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਗਤੀਵਿਧੀਆਂ ਨੂੰ ਸਫਲਤਾ ਪੂਰਵਕ ਚਲਾਉਣ ਲਈ ਡਾ. ਸੋਹਣੂ ਅਤੇ ਉਨ੍ਹਾਂ ਦੀ ਟੀਮ ਦੁਆਰਾ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ।



# ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਲੰਗਰ ਲਗਾਇਆ ਗਿਆ

ਲੁਧਿਆਣਾ 1ਅਗਸਤ (ਕਰਨੈਲ ਸਿੰਘ ਐੱਮ.ਏ.) ਸਮੁੱਚੇ ਸੰਸਾਰ ਭਰ ਵਿੱਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਜੋੜਨ ਦਾ ਨਿੱਘਾ ਉਪਰਾਲਾ ਕਰ ਰਹੀ ਪ੍ਰਮੁੱਖ ਮਿਉਜ਼ਿਕ ਕੰਪਨੀ ਅੰਮ੍ਰਿਤ ਸਾਗਰ ਦੇ ਪ੍ਰੀਵਾਰ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਿੱਘੇ ਸਹਿਯੋਗ ਨਾਲ ਸੇਵਾ ਤੇ ਸਿਮਰਨ ਦੇ ਮੁਜੱਸਮਾ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੰਗਤਾਂ ਲਈ ਅਤੁੱਟ ਲੰਗਰ ਲਗਾਉਣਾ ਸੇਵਾ ਕਾਰਜ ਦਾ ਇੱਕ ਉੱਦਮੀ ਉਪਰਾਲਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗਿਆਨੀ ਗਗਨਦੀਪ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਨੇ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਲਗਾਏ ਗਏ ਗੁਰੂ ਦੇ ਅਤੁੱਟ ਲੰਗਰ ਨੂੰ ਵਰਤਾਉਣ ਲਈ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ੍ਰ: ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਬਰਾਂ ਵੱਲੋਂ ਪੂਰੀ ਸੇਵਾ ਭਾਵਨਾ ਦੇ ਨਾਲ ਹਰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਲੰਗਰ ਲਗਾਉਣ ਦੀ ਸੇਵਾ ਕਰਨਾ, ਸੇਵਾ ਦੇ ਸੰਕਲਪ ਨਾਲ ਜੁੜਨ ਦੀ ਪ੍ਰਤੱਖ ਮਿਸਾਲ ਹੈ।ਇਸ ਦੌਰਾਨ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ੍ਰ: ਬਲਬੀਰ ਸਿੰਘ ਭਾਟੀਆ ਨੇ ਦੱਸਿਆ ਕਿ "ਸੇਵਕ ਕਉ ਸੇਵਾ ਬਨਿ ਆਈ" ਦੇ ਸਿਧਾਂਤ ਤੇ ਚੱਲਦਿਆਂ ਸਤਿਗੁਰੂ ਸੱਚੇ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਸੰਗਤਾਂ ਲਈ ਹਰ ਮਹੀਨੇ ਗੁਰੂ ਦਾ ਅਤੁੱਟ ਲੰਗਰ ਲਗਾਇਆ ਜਾਂਦਾ ਹੈ।ਉਨ੍ਹਾਂ ਨੇ ਦੱਸਿਆ ਕਿ ਇਸ ਸਮੁੱਚੇ ਸੇਵਾ ਕਾਰਜ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਤੇ ਸੰਗਤਾਂ



ਆਪਣਾ ਨਿੱਘਾ ਸਹਿਯੋਗ ਪਾ ਕੇ ਲੰਗਰ ਵਰਤਾਉਣ ਦੀ ਸੇਵਾ ਕਰਦੀਆਂ ਹਨ। ਇਸ ਤੋਂ ਪਹਿਲਾਂ ਗੁਰੂ ਦਾ ਅਤੁੱਟ ਲੰਗਰ ਸੰਗਤਾਂ ਨੂੰ ਵਰਤਾਉਣ ਲਈ ਕੀਤੀ ਗਈ ਅਰਦਾਸ ਮੌਕੇ ਸ੍ਰ: ਬਲਬੀਰ ਸਿੰਘ ਭਾਟੀਆ, ਕਿਰਨਪ੍ਰੀਤ ਸਿੰਘ ਭਾਟੀਆ, ਮਨੀਕਰਨ ਸਿੰਘ, ਹਰਬਿੰਦਰ ਸਿੰਘ, ਰਵਿੰਦਰ ਸਿੰਘ, ਰਣਜੀਤ ਸਿੰਘ ਰਿੰਕੂ, ਸੁਖਜੋਤ ਸਿੰਘ, ਉੱਤਮਜੀਤ ਸਿੰਘ, ਇੰਦਰਬੀਰ ਸਿੰਘ ਬੱਤਰਾ, ਅਭਿਸ਼ੇਕ ਗੁਪਤਾ, ਜਗਤਾਰ ਸਿੰਘ, ਰਤਨ ਸਿੰਘ, ਨਿਵਾਜ਼ ਸਿੰਘ ਭਾਟੀਆ, ਮਿਨਾਕਸੀ ਕੌਰ ,ਬੀਬੀ ਪਰਮਜੀਤ ਕੌਰ, ਜਸਮੀਤ ਕੌਰ ਆਦਿ ਵਿਸ਼ੇਸ਼

# ਐਡਵੋਕੇਟ ਭੁਪਿੰਦਰ ਕਪੂਰ ਨੂੰ ਬਾਰ ਕੌਂਸਲ ਆਫ਼ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ ਵੱਲੋਂ ਪ੍ਰਬੰਧਕੀ ਕਮੇਟੀ ਦਾ ਕੋ-ਓਪਟਡ ਮੈਂਬਰ ਬਣਾਇਆ ਗਿਆ

Desi Punjab YouTube www.desipunjab.in




ਰਾਜਪੁਰਾ,01 ਅਗਸਤ (ਹਿਮਾਂਸ਼ੂ ਹੈਰੀ):ਬਾਰ ਐਸੋਸੀਏਸ਼ਨ ਰਾਜਪੁਰਾ ਦੇ ਭੁਪਿੰਦਰ ਕਪੂਰ ਐਡਵੋਕੇਟ ਨੂੰ ਬਾਰ ਕੌਂਸਲ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ ਵੱਲੋਂ ਪ੍ਰਬੰਧਕੀ ਕਮੇਟੀ ਦਾ ਕੋ- ਓਪਟਡ ਮੈਂਬਰ ਨਿਯੁਕਤ ਕੀਤਾ ਗਿਆ।ਬਾਰ ਕੌਂਸਲ ਆਫ਼ ਪੰਜਾਬ ਐਂਡ ਹਰਿਆਣਾ,ਚੰਡੀਗੜ੍ਹ ਦੇ ਚੇਅਰਮੈਨ ਮਾਨਯੋਗ ਸ਼੍ਰੀ ਵੇਜਿੰਦਰ ਸਿੰਘ ਤੇ ਮਾਨਯੋਗ ਸੈਕਟਰੀ ਚੌਧਰੀ ਕਰਮਜੀਤ ਸਿੰਘ ਵੱਲੋਂ ਰਾਜਪੁਰਾ ਦੇ ਐਡਵੋਕੇਟ ਭੁਪਿੰਦਰ ਕਪੂਰ ਨੂੰ ਆਪਣੀ ਬਾਰ ਕੌਂਸਲ ਆਫ਼ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ ਦਾ ਪ੍ਰਬੰਧਕੀ ਕਮੇਟੀ ਦਾ ਕੋ-ਓਪਟਡ ਮੈਂਬਰ ਦਾ ਸਰਟੀਫਿਕੇਟ ਦੇ ਕੇ ਭੁਪਿੰਦਰ ਕਪੂਰ ਦਾ ਮਾਨ ਸਨਮਾਨ ਵਧਾਇਆ । ਬਾਰ ਐਸੋਸੀਏਸ਼ਨ ਰਾਜਪੁਰਾ ਦਾ ਨਾਮ ਰੌਸ਼ਨ ਕੀਤਾ। ਐਡਵੋਕੇਟ ਭੁਪਿੰਦਰ ਕਪੂਰ ਵੱਲੋਂ ਬਾਰ ਕੌਂਸਲ ਆਫ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ ਦੇ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਰਾਜਪੂਰਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਤੇ ਸਮੂਹ ਵਕੀਲ ਭਾਈਚਾਰੇ ਦਾ ਧੰਨਵਾਦ ਕੀਤਾ ਜਿਨਾਂ ਨੇ ਮੈਨੂੰ ਇਸ ਯੋਗ ਸਮਝਿਆ ਅਤੇ ਮੈਨੂੰ ਮਾਨ ਸਨਮਾਨ ਬਖਸ਼ਿਆ ਮੈਂ ਉਹਨਾਂ ਦਾ ਧੰਨਵਾਦ ਕਰਦਾ ਹਾਂ। ਬਾਰ ਕੌਂਸਲ ਆਫ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ ਵੱਲੋਂ ਕੋਈ ਵੀ ਮੈਨੂੰ ਕਾਰਜ ਦਿੱਤਾ ਜਾਵੇਗਾ ਉਹ ਮੈਂ ਤਨਦੇਹੀ ਨਾਲ ਨਿਭਾਵਗਾ ਇਸ ਮੌਕੇ ਬਾਰ ਕੌਂਸਲ ਦੇ ਸੈਕਟਰੀ ਮਾਨਯੋਗ ਚੌਧਰੀ ਕਰਮਜੀਤ ਸਿੰਘ, ਐਡਵੋਕੇਟ ਤੇਜਿੰਦਰ ਬਾਠ, ਐਡਵੋਕੇਟ ਫਤਿਹਜੀਤ, ਐਡਵੋਕੇਟ ਮਨਪ੍ਰੀਤ ਸਿੰਘ ਕੰਬੋਜ ਸਮੂਹ ਬਾਰ ਕੌਂਸਲ ਮੈਬਰ ਮੌਜ਼ੂਦ ਹਨ।

# ਮਹੰਤ ਪ੍ਰਵੀਨ ਚੌਧਰੀ ਦੀ ਮਾਤਾ ਸਵਰਗੀ ਰੁਕਮਣੀ ਦੇਵੀ ਦੀ ਸ਼ੋਕ ਸਭਾ ਵਿੱਚ ਸੈਂਕੜੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ

Desi Punjab YouTube www.desipunjab.in

ਲੁਧਿਆਣਾ 01 ਅਗਸਤ (ਕਰਨੈਲ ਸਿੰਘ ਐੱਮ.ਏ.) ਮਹੰਤ ਪ੍ਰਵੀਨ ਚੌਧਰੀ, ਪੁਰਸ਼ੋਤਮ ਚੌਧਰੀ ਜੀ ਦੀ ਸਤਿਕਾਰਯੋਗ ਮਾਤਾ ਅਤੇ ਬ੍ਰਿਜ ਲਾਲ ਚੌਧਰੀ ਦੀ ਪਤਨੀ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਆਯੋਜਿਤ ਸ਼੍ਰੀ ਗਰੁੜ ਪੁਰਾਣ ਜੀ ਦੀ ਆਖਰੀ ਸ਼ਰਧਾਂਜਲੀ ਸਭਾ ਅਤੇ ਭੇਟ ਵਿੱਚ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਵਪਾਰਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸਥਾਨਕ ਪੱਖੋਵਾਲ ਰੋਡ 'ਤੇ ਸਾਊਥ ਐਂਡ ਗਾਰਡਨ ਵਿਖੇ ਆਯੋਜਿਤ ਸ਼ੋਕ ਸਭਾ ਵਿੱਚ ਆਚਾਰੀਆ ਸੰਦੀਪ ਜੋਸ਼ੀ ਨੇ ਸ਼੍ਰੀ ਗਰੁੜ ਪੁਰਾਣ ਜੀ ਦੇ ਅੰਤਿਮ ਪੱਦਤੀਆਂ ਦਾ ਪਾਠ ਕੀਤਾ ਅਤੇ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਸ਼੍ਰੀ ਰਾਮ ਸ਼ਰਨਮ ਤੋਂ ਸੰਤ ਅਸ਼ਵਨੀ ਬੇਦੀ ਜੀ ਨੇ ਕਿਹਾ ਕਿ ਮਹੰਤ ਪ੍ਰਵੀਨ ਚੌਧਰੀ ਜੀ ਸਵਰਗੀ ਮਾਤਾ ਰੁਕਮਣੀ ਜੀ ਤੋਂ ਪ੍ਰਾਪਤ ਕਦਰਾਂ-ਕੀਮਤਾਂ ਨੂੰ ਅੱਗੇ ਵਧਾ ਕੇ ਧਰਮ ਅਤੇ ਸਮਾਜ ਪ੍ਰਤੀ ਸਮਰਪਿਤ ਜੀਵਨ ਜੀ ਰਹੇ ਹਨ। ਭਜਨ ਗਾਇਕਾ ਲੀਜ਼ਾ ਡਾਬਰ ਨੇ ਭਜਨ ਪੇਸ਼ ਕੀਤੇ ਅਤੇ ਸਵਰਗੀ ਰੁਕਮਣੀ ਜੀ ਦੁਆਰਾ ਆਪਣੇ ਆਖਰੀ ਸਾਹ ਤੱਕ ਨਿਭਾਈਆਂ ਗਈਆਂ ਧੀ, ਮਾਂ, ਨੂੰਹ ਅਤੇ ਸੱਸ ਦੀਆਂ ਜ਼ਿੰਮੇਵਾਰੀਆਂ ਦਾ ਵਰਣਨ ਕੀਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਇਕ ਦਲਜੀਤ ਭੋਲਾ ਗਰੇਵਾਲ, ਰਾਜਿੰਦਰ ਕੌਰ ਛੀਨਾ, ਕੁਲਵੰਤ ਸਿੰਘ ਸਿੱਧੂ, ਰਾਜ ਸਭਾ ਮੈਂਬਰ ਸੰਤ ਸੀਚੇਵਾਲ, ਗਊ-ਸੇਵਕ ਸਵਾਮੀ ਕ੍ਰਿਸ਼ਨਾਨੰਦ ਜੀ ਮਹਾਰਾਜ ਨੇ ਸ਼ੋਕ ਸੰਦੇਸ਼ ਭੇਜੇ ਅਤੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਬਾਬਾ ਕੁਲਵੰਤ ਭੱਲਾ, ਮਹੰਤ ਸ਼ਕਤੀ ਨਾਥ, ਸਾਧਵੀ ਲਤਾ ਜੀ, ਸਵਾਮੀ ਰਾਜ ਰਾਜੇਸ਼ਵਰੀ, ਪੰਡਿਤ ਦੇਵੀ ਦਿਆਲ, ਮਾਤਾ ਚਿੰਤਪੁਰਨੀ ਮੰਦਿਰ ਹਿਮਾਚਲ ਪ੍ਰਦੇਸ਼ ਤੋਂ ਪੰਡਿਤ ਭੂਸ਼ਣ ਕਾਲੀਆ ਅਤੇ ਵਿਪਨ ਕਾਲੀਆ, ਅਚਾਰੀਆ ਦੀਪਕ ਸ਼ਾਸਤਰੀ, ਸਾਬਕਾ ਮੰਤਰੀ ਦਲਜੀਤ ਸਿੰਘ ਭੂਰਾ, ਭੁੱਚਾ ਸਿੰਘ ਗਰੇਵਾਲ, ਮਹਾਂਜੀਤ ਸਿੰਘ ਭੂਰਾ, ਸ੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਹੀਰਾ ਸਿੰਘ ਗਾਬੜੀਆ, ਵਿਧਾਇਕ ਮਦਨ ਲਾਲ ਬੱਗਾ, ਵਿਧਾਇਕ



ਅਸ਼ੋਕ ਪਰਾਸ਼ਰ ਪੱਪੀ, ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਸੀ.ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਕੁਲਦੀਪ ਵੈਦਿਆ, ਰਣਜੀਤ ਸਿੰਘ ਢਿੱਲੋਂ, ਦਰਸ਼ਨ ਲਾਲ ਲੱਡੂ, ਮਦਨ ਲਾਲ ਚੋਪੜਾ, ਦਰਸ਼ਨ ਅਰੋੜਾ, ਸੰਜੇ ਸਿੰਘ ਪਰਾਸ਼ਰ, ਰਾਜਪਾਲ ਸਿੰਘ ਰਾਜਪਾਲ, ਡੀ. ਜੈਨ ਬੌਬੀ, ਅਸ਼ੋਕ ਧਵਨ, ਸੁੰਦਰ ਦਾਸ ਧਮੀਜਾ, ਸ਼ਬਨਮ ਗੋਦਾਰਾ ਅਤੇ ਹਨੂੰਮਾਨਗੜ੍ਹ ਤੋਂ ਪ੍ਰਮੋਦ ਜੀ, ਏ.ਡੀ.ਸੀ.ਪੀ ਮਨਦੀਪ ਸਿੰਘ ਸੰਧੂ, ਈਸ਼ਵਰਜੋਤ ਚੀਮਾ, ਨਿਰਮਲ ਕੈੜਾ, ਮਨੋਹਰ ਲਾਲ, ਵਿੱਕੀ ਡਾਬਰ, ਤਨਵੀਰ ਧਾਲੀਵਾਲ, ਡਾ: ਗੌਤਮ ਅਗਰਵਾਲ, ਕਪਿਲ ਕੁਮਾਰ ਸੋਨੂੰ, ਸੰਜੀਵ ਸਚਦੇਵਾ ਸ਼ੇਰੂ, ਆਨੰਦ ਤਾਇਲ, ਸੰਨੀ ਵੋਹਰਾ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਵਿਜੇ ਗੁਪਤਾ, ਪੁਰਸ਼ੋਤਮ ਚੌਧਰੀ, ਸੁਧੀਰ ਮਹਾਜਨ, ਸੁਨੀਲ ਹਾਂਡਾ, ਸੰਨਦੀਪ ਮਾਨਵ, ਐੱਸ. ਗੁਪਤਾ, ਧੀਰਜ ਗੁਪਤਾ, ਰਾਕੇਸ਼ ਪਾਸੀ, ਸੁਨੀਲ ਪਾਸੀ, ਰਾਜ ਸੋਲੰਕੀ, ਰਾਮ ਪਾਲ ਤ੍ਰਿਖਾ, ਬੌਬੀ ਮੱਕੜ, ਦਿਨੇਸ਼ ਰੱਲੀ, ਗੌਰਵ ਮਹਿਤਾ, ਤਰੁਣ ਚੌਧਰੀ, ਤਰੁਣ ਜੈਨ ਸੁਰਾਣਾ, ਤਜਿੰਦਰ ਮਿਗਲਾਨੀ, ਵੇਦ ਲੂਥਰਾ, ਰਮਨ ਸ਼ਰਮਾ, ਰਾਕੇਸ਼ ਖੇੜਾ, ਹਰਮੋਹਨ ਮਲਹੋਤਰਾ, ਜਨਾਬ ਸ਼ਰਮਾ, ਰੋਹਿਤ ਸ਼ਰਮਾ, ਜਨਾਬ ਸ਼ਰਮਾ, ਜਨਾਬ ਸ਼ਰਮਾ, ਰਾਜੇਸ਼ ਰੱਲੀ। ਸਤਵਿੰਦਰ ਠਾਕੁਰ, ਰਾਜਿੰਦਰ ਵਾਲੀਆ, ਵਰੁਣ ਚੋਪੜਾ, ਆਦਿਤਿਆ ਗੁਪਤਾ, ਪੰਡਿਤ ਭੂਪੇਂਦਰ, ਵਰੁਣ ਸ਼ਰਮਾ, ਵਰੁਣ ਦੱਤ, ਤੁਸ਼ਾਰ ਬਾਂਸਲ, ਨਰਿੰਦਰ ਮੋਹਿਨੀ, ਅਰੁਣ ਮਹਿਤਾ, ਗੁਨੀਤ ਖੇੜਾ ਸਮੇਤ ਆਲ ਇੰਡੀਆ ਯੂਥ ਐਸੋਸੀਏਸ਼ਨ ਫੋਰਮ, ਮਾਰਵਾੜੀ ਸੇਵਾ ਦੇ ਨੁਮਾਇੰਦਿਆਂ ਨੇ ਡਾ. ਪਰਿਵਾਰ, ਆਲ ਇੰਡੀਆ ਪਾਰਿਖ ਮਹਾਸਭਾ, ਖੰਡੇਵਾਲ ਬ੍ਰਾਹਮਣ ਕੌਂਸਲ, ਗੁੱਜਰ ਗੌੜ ਬ੍ਰਾਹਮਣ ਸਭਾ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ, ਸ਼ਿਵ ਸ਼ਕਤੀ ਮੰਦਰ ਕਿਦਵਈ ਨਗਰ, ਸ਼ਿਵ ਧਾਮ ਬੱਗੇਕਲਾ, ਕ੍ਰਿਸ਼ਨਾ ਮੰਦਰ ਟਰੱਸਟ, ਪਰਸ਼ੂਰਾਮ ਗਿਆਨ ਵਾਟਿਕਾ, ਸ਼੍ਰੀ ਰਾਧੇਕ੍ਰਿਸ਼ਨ ਗੌਧਾਮ ਟਰੱਸਟ, ਸ਼੍ਰੀ ਗਣੇਸ਼ ਗਣਪਤੀ ਕਾਲਜ, ਸ਼੍ਰੀ ਤ੍ਰਿਫਲੇ ਡੀ. ਮਰਹੂਮ ਰੁਕਮਣੀ ਦੇਵੀ ਜੀ ਨੂੰ ਸ਼ਰਧਾਂਜਲੀ ਦਿੱਤੀ ਅਤੇ ਇਸ ਦੁੱਖ ਦੀ ਘੜੀ ਵਿੱਚ ਚੌਧਰੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਮਾਂ ਬਗਲਾਮੁਖੀ ਧਾਮ ਦੇ ਸੇਵਾਦਾਰ ਮਨਜੀਤ ਛੱਤਵਾਲ ਅਤੇ ਪਰਮਵੀਰ ਸਿੰਘ ਪ੍ਰਿੰਸ ਨੇ ਸ਼ੋਕ ਸਭਾ ਵਿੱਚ ਹਾਜ਼ਰ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਵਪਾਰਕ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਚੌਧਰੀ ਪਰਿਵਾਰ ਵੱਲੋਂ ਧੰਨਵਾਦ ਕੀਤਾ।

# ਪੰਜਾਬ ਰਿਮੋਟ ਸੈਸਿੰਗ ਸੈਂਟਰ ਲੁਧਿਆਣਾ ਨੂੰ ਮਿਲਿਆ ਰਾਸ਼ਟਰੀ ਜੀਓ ਸਪੇਸ਼ੀਅਲ ਪ੍ਰੈਕਟਿਸ਼ਨਰ ਸਨਮਾਨ

## ਪੀ.ਆਰ.ਐਸ.ਸੀ. ਦੇ ਵਿਗਿਆਨੀ ਡਾ: ਕੋਇਲ ਸੂਰ ਨੂੰ ਵੀ ਨੈਸ਼ਨਲ ਅਵਾਰਡ ਨਾਲ ਨਿਵਾਜਿਆ

Desi Punjab YouTube www.desipunjab.in




ਲੁਧਿਆਣਾ 01 ਅਗਸਤ ( ਕਰਨੈਲ ਸਿੰਘ ਐੱਮ.ਏ.) ਪੰਜਾਬ ਰਿਮੋਟ ਸੈਂਸਿੰਗ ਸੈਂਟਰ, ਲੁਧਿਆਣਾ ਨੂੰ ਮੁੰਬਈ ਵਿਖੇ ਆਯੋਜਿਤ ਸਮਾਰੋਹ ਦੌਰਾਨ ਜਿਊਰੀ ਵੱਲੋਂ ਨੈਸ਼ਨਲ ਜੀਓ ਸਪੇਸ਼ੀਅਲ ਸਨਮਾਨ-2025 ਦਿੱਤਾ ਗਿਆ ਹੈ। ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਰਾਹੀਂ ਰਾਸ਼ਟਰੀ ਮਿਸ਼ਨ ਦੀ ਅਗਵਾਈ ਹੇਠ ਆਈ.ਆਈ.ਟੀ. ਮੁੰਬਈ ਦੀ ਪਹਿਲਕਦਮੀ ਸਦਕਾ ਨੈਸ਼ਨਲ ਜੀਓ ਸਪੇਸ਼ੀਅਲ ਸਨਮਾਨ 2025 ਸਮਾਰੋਹ ਦਾ ਆਯੋਜਨ ਮੁੰਬਈ ਵਿਖੇ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦਾ ਮੁੱਖ ਉਦੇਸ਼ ਭਾਰਤ ਵਿੱਚ ਜੀਓ ਸਪੇਸ਼ੀਅਲ ਤਕਨਾਲੋਜੀ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ, ਫੈਕਲਟੀ, ਇੰਡਸਟਰੀ ਅਤੇ ਵਿਅਕਤੀਆਂ ਨੂੰ ਸ਼ਾਮਲ ਕਰਨਾ ਹੈ। ਇਸ ਤੋਂ ਇਲਾਵਾ ਪੰਜਾਬ ਰਿਮੋਟ ਸੈਂਸਿੰਗ ਸੈਂਟਰ (ਪੀ.ਆਰ.ਐਸ.ਸੀ) ਦੇ ਵਿਗਿਆਨੀ ਡਾ: ਕੋਇਲ ਸੂਰ ਨੂੰ ਵੀ ਜੀਓ ਸਪੇਸ਼ੀਅਲ ਵਿਗਿਆਨ ਅਤੇ ਤਕਨਾਲੋਜੀ ਵਿੱਚ ਉਚੇਰਾ ਯੋਗਦਾਨ ਪਾਉਣ ਵਾਲੀਆਂ ਔਰਤਾਂ ਲਈ ਨੈਸ਼ਨਲ ਪੁਰਸਕਾਰ -2025 ਨਾਲ ਨਿਵਾਜਿਆ ਗਿਆ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੈਮੀਨਾਰ ਦਾ ਹਿੱਸਾ ਬਣਨ ਵਾਲੇ ਹਰੇਕ ਨੌਜਵਾਨ ਦਾ ਧੰਨਵਾਦ : ਵਿਧਾਇਕ ਜੋੜਾ ਮਾਜਰਾ

## ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਸ਼ਲਾਂਘਾਯੋਗ:: ਰਜਿੰਦਰ ਸੱਚਦੇਵਾ

Desi Punjab YouTube www.desipunjab.in



ਸਮਾਣਾ 1 ਅਗਸਤ (ਦੀਵਾਨ ਥਰੇਜਾ) ਆਮ ਆਦਮੀ ਪਾਰਟੀ, ਦੇ ਹਲਕਾ ਵਿਧਾਇਕ ਸ੍ਰ ਚੇਤਨ ਸਿੰਘ ਜੋੜਾ ਮਾਜਰਾ ਨੇ ਸਮਾਣਾ ਅਤੇ ਪਿੰਡਾਂ ਦੇ ਸਮੂਹ ਲੋਕਾਂ ਦਾ ਧੰਨਵਾਦ ਕੀਤਾ, ਜਿੰਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਵਿੱਚ ਵੱਧ ਚੜ ਕੇ ਹਿੱਸਾ ਲਿਆ ਹੈ।

ਵਿਧਾਇਕ ਚੇਤਨ ਸਿੰਘ ਜੋੜਾ ਮਾਜਰਾ ਨੇ ਕਿਹਾ ਕਿ ਪੰਜਾਬ ਦੇ ਲੋਕ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਹਰ ਗਲੀ, ਮੁਹੱਲੇ, ਪਿੰਡਾਂ, ਸ਼ਹਿਰਾਂ ਵਿੱਚ ਸਵੇਰੇ ਸ਼ਾਮ ਸਰਬੱਤ ਦੇ ਭੱਲੇ ਦੀ ਅਰਦਾਸ ਕਰਨ ਵਾਲੇ ਲੋਕ ਹਨ। ਪਰ ਪਿਛਲੇ 20-25 ਸਾਲਾਂ ਤੋਂ ਜਿਸ ਤਰ੍ਹਾਂ ਕੁੱਝ ਲਾਲਚੀ ਲੋਕਾਂ ਨੇ ਕੁਝ ਪੈਸਿਆਂ ਦੀ ਲਾਲਸਾ ਨੂੰ ਮੁੱਖ ਰੱਖ ਕੇ ਪੰਜਾਬ ਦੇ ਨੌਜਵਾਨਾਂ ਅੰਦਰ ਨਸ਼ਿਆਂ ਦਾ 6 ਵਾਂ ਦਰਿਆ ਚਲਾਇਆ ਹੈ, ਓਹ ਬਹੁਤ ਹੀ ਨਿੰਦਣਯੋਗ ਹੈ।

ਕਾਂਗਰਸ ਅਤੇ ਅਕਾਲੀ ਸਰਕਾਰਾਂ ਨੇ ਪਿਛਲੇ 25 ਸਾਲਾਂ ਤੋਂ ਨਸ਼ਿਆਂ ਨੂੰ ਰੋਕਣ ਸਬੰਧੀ ਕੋਈ ਵੀ ਉਪਰਾਲਾ ਨਹੀਂ ਕੀਤਾ।

ਨਿੱਜੀ ਲਾਲਚ ਲਈ ਆਪਸੀ ਭਾਈਚਾਰੇ ਅਤੇ ਨੌਜਵਾਨ ਪੀੜੀ ਨੂੰ ਗੁੰਮਰਾਹ ਕਰ ਕੇ ਨਸ਼ੇ ਵੱਲ ਪ੍ਰੇਰਿਤ ਕਰਨਾ ਇਹਨਾਂ ਲੋਕਾਂ ਦੀ ਮਾੜੀ ਸੋਚ ਦੀ ਨਿਸ਼ਾਨੀ ਹੈ। ਇਹ ਸਭ ਥੋੜੇ ਸਮੇਂ ਵਿੱਚ ਅਮੀਰ ਬਣਨ ਦੀ ਲਾਲਸਾ ਕਾਰਨ ਰਾਜਨੀਤਿਕ ਸੱਤਾ ਦੀ ਦੁਰਵਰਤੋਂ ਕਰ ਕੇ ਕੀਤਾ ਗਿਆ ਹੈ।

ਪਿਛਲੇ ਸਮੇਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਪਲਾਨਿੰਗ ਕੀਤੀ ਗਈ। ਨਸ਼ੇ ਦੇ ਵਪਾਰੀਆਂ ਨੂੰ ਠੱਲ ਪਾਉਣ ਲਈ ਟੋਲ ਫ੍ਰੀ ਨੰ. 9779100200 ਵਿਬਜਾਰੀ ਕੀਤਾ ਗਿਆ ਹੈ ਪੰਜਾਬ ਪੁਲਿਸ, ਐਡਮਿਨਿਸਟਰੇਸ਼ਨ ਅਤੇ ਆਮ ਲੋਕਾਂ ਨੂੰ ਨਾਲ ਲੈ ਕੇ ਜਾਗਰੂਕਤਾ ਮੁਹਿੰਮ ਚਲਾਈ ਗਈ, ਜੋ ਕਿ ਨਸ਼ਿਆਂ ਦੇ ਖਤਮ ਹੋਣ ਤੱਕ ਜਾਰੀ ਰਹੇਗੀ। ਅੱਜ ਸਮਾਜ ਦਾ ਹਰ ਵਰਗ ਮੁੱਖ ਮੰਤਰੀ ਪੰਜਾਬ ਅਤੇ ਆਮ ਆਦਮੀ ਪਾਰਟੀ ਦੀ ਸ਼ਲਾਘਾ ਕਰ ਰਿਹਾ ਹੈ। ਨਸ਼ੇ ਦਾ ਕਾਰੋਬਾਰ ਕਰਨ ਵਾਲੇ ਭੈ-ਭੀਤ ਹਨ। ਨਸ਼ਿਆਂ ਵਿੱਚ ਫਸੇ ਨੌਜਵਾਨਾਂ ਦਾ ਸਰਕਾਰੀ ਪੱਧਰ ਤੇ ਇਲਾਜ ਕੀਤਾ ਜਾ ਰਿਹਾ ਹੈ। ਨਸ਼ਾ ਤਸਕਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਇਸ ਮੁਹਿੰਮ ਵਿੱਚ ਸ਼ਾਮਲ ਸਭ ਲੋਕਾਂ ਦਾ ਧੰਨਵਾਦ ਕਰਦੇ ਹੋਏ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਚਨਬੱਧ ਹੋਕੇ ਆਮ ਲੋਕਾਂ ਵੱਲੋਂ ਐਡਮਿਨਿਸਟਰੇਸ਼ਨ ਅਤੇ ਪੁਲਿਸ ਦੇ ਹੋਰ ਸਹਿਯੋਗ ਦੀ ਮੰਗ ਕਰਦੀ ਹੈ।

ਅਤੇ ਇਸ ਦੇ ਨਾਲ ਹੀ ਪਿਛਲੇ ਕਈ ਦਿਨਾਂ ਤੋਂ ਸਮਾਣਾ ਅੰਦਰ ਵੱਖ ਵੱਖ ਥਾਵਾਂ ਅਤੇ ਵਾਰਡਾਂ ਵਿੱਚ ਲਗਾਤਾਰ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਜਾਰੀ ਹੈ ਵਿਧਾਇਕ ਚੇਤਨ ਸਿੰਘ ਜੋੜਾ ਮਾਜਰਾ ਨੇ ਖਾਸ ਤੌਰ ਵਾਰਡ ਨੰਬਰ 12 ਤੇ ਧਰਮਪਾਲ ਨਾਹਰ ਅਤੇ ਵਾਰਡ ਨੰਬਰ 15 ਤੇ ਸੰਜੈ ਮੰਤਰੀ ਦਾ ਧੰਨਵਾਦ ਕੀਤਾ ਇਨ੍ਹਾਂ 2 ਵਾਰਡਾਂ ਵਿੱਚ ਸੈਮੀਨਾਰ ਨੇ ਇਕ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਲਿਆ ਅਤੇ ਅੱਜ ਪ੍ਰਧਾਨ ਰਜਿੰਦਰ ਸੱਚਦੇਵਾ ਦੇ ਸਹਿਯੋਗ ਨਾਲ ਸਹਾਰਾ ਕਲੱਬ ਵਿਚ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਸਹਾਰਾ ਕਲੱਬ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਤੋਂ ਇਲਾਵਾ ਕੌਂਸਲਰ ਸੰਜੇ ਮੰਤਰੀ, ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਪ੍ਰਧਾਨ ਸੁਨੈਨਾ ਮਿੱਤਲ ਕੌਂਸਲਰ ਧਰਮਪਾਲ ਨਾਹਰ ਮਿੰਨੀ ਟਰੱਕ ਯੂਨੀਅਨ ਦੇ ਪ੍ਰਧਾਨ ਸੁਰਜਨ ਚੱਠਾ,ਯੂਥ ਪ੍ਰਧਾਨ ਰਵੀ ਰੰਧਾਵਾ, ਪੀ ਏ ਗੁਰਦੇਵ ਟਿਵਾਣਾ, ਲਖਵਿੰਦਰ ਸਿੰਘ ਜਵੰਦਾ, ਪਾਰਸ ਸ਼ਰਮਾਂ, ਗੋਪਾਲ ਕ੍ਰਿਸਨ ਬਿੱਟੂ,ਦੀਪਕ ਵਧਵਾ,ਨਿਸ਼ਾਨ ਚੀਮਾਂ ਤੋ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਲੰਟੀਅਰ ਦੇ ਨਾਲ ਨਾਲ ਸਹਾਰਾ ਕਲੱਬ ਦੇ ਸੀਨੀਅਰ ਵਾਇਸ ਪ੍ਰਧਾਨ ਦੀਪਕ ਖੁਰਾਣਾ, ਵਾਈਸ ਪ੍ਰਧਾਨ ਸੱਤਪਾਲ, ਸੈਕਟਰੀ ਮਨੋਜ ਨਾਗਪਾਲ, ਜੁਆਇੰਟ ਸੈਕਟਰੀ ਅਸ਼ਵਨੀ ਤੁਲਾਨੀ,ਕੈਸ਼ੀਅਰ ਜਤਿੰਦਰ ਡੈਂਪਲਾ, ਵਿੱਕੀ ਡਾਂਗ,ਹਰੀਸ਼ ਸੱਚਦੇਵਾ,ਪ੍ਰੈੱਸ ਸਕੱਤਰ ਅਸ਼ੋਕ ਥਰੇਜਾ, ਸੰਜੈ ਮੰਤਰੀ,ਅਤੇ ਨਰੇਸ਼ ਮੁਕਰੇਜਾ ਮੌਜ਼ੂਦ

# ਚਰਨ ਬਾਗ ਪਟਿਆਲਾ ਦੇ ਪਾਰਕ 'ਚੋਂ ਨਜਾਇਜ਼ ਕਬਜ਼ਾ ਹਟਾਇਆ ਗਿਆ

Desi Punjab YouTube www.desipunjab.in



ਪਟਿਆਲਾ, 1 ਅਗਸਤ ( ) ਪਟਿਆਲਾ ਦੇ ਚਰਨ ਬਾਗ ਇਲਾਕੇ ਵਿੱਚ ਇੱਕ ਸਰਕਾਰੀ ਪਾਰਕ 'ਤੇ ਪਿਛਲੇ ਕੁਝ ਸਮੇਂ ਤੋਂ ਨਜਾਇਜ਼ ਤੌਰ 'ਤੇ ਕਬਜ਼ਾ ਕੀਤਾ ਗਿਆ ਸੀ, ਜਿਸ ਨੂੰ ਲੰਬੇ ਸਮੇਂ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਨਗਰ ਨਿਗਮ ਵੱਲੋਂ ਵਾਰ-ਵਾਰ ਚੇਤਾਵਨੀ ਦੇਣ ਦੇ ਬਾਵਜੂਦ ਵੀ ਕਬਜ਼ਾਧਾਰੀ ਇਨਸਾਨ ਕਬਜ਼ਾ ਖਾਲੀ ਕਰਨ ਤੋਂ ਇਨਕਾਰ ਕਰ ਰਿਹਾ ਸੀ। ਪਰ ਅੱਜ ਨਗਰ ਨਿਗਮ ਨੇ ਮੌਕੇ 'ਤੇ ਪੁੱਜ ਕੇ ਇਹ ਕਬਜ਼ਾ ਹਟਾ ਕੇ ਸਰਕਾਰੀ ਜਾਇਦਾਦ ਨੂੰ ਮੁੜ ਨਿਗਮ ਦੇ ਅਧੀਨ ਲਿਆ।ਇਹ ਕਾਰਵਾਈ ਮਾਨਯੋਗ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਰਹਿਨੁਮਾਈ ਹੇਠ ਕੀਤੀ ਗਈ। ਕਾਰਵਾਈ ਦੀ ਅਗਵਾਈ ਇੰਸਪੈਕਟਰ ਵਿਸ਼ਾਲ ਵਰਮਾ ਅਤੇ ਐਸ.ਡੀ.ਓ. ਅਮਨਿੰਦਰ ਸਿੰਘ ਵੱਲੋਂ ਕੀਤੀ ਗਈ। ਨਗਰ ਨਿਗਮ ਦੀ ਟੀਮ ਨੇ ਮੌਕੇ 'ਤੇ ਪੁੱਜ ਕੇ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਕਬਜ਼ਾ ਹਟਵਾਇਆ। ਕਾਰਵਾਈ ਦੌਰਾਨ ਨਿਗਮ ਟੀਮ ਦੇ ਨਾਲ ਪੁਲਿਸ ਵੀ ਮੌਜੂਦ ਰਹੀ, ਤਾਂ ਜੋ ਕੋਈ ਵੀ ਰੁਕਾਵਟ ਜਾਂ ਕਾਨੂੰਨ-ਵਿਰੁੱਧ ਹਰਕਤ ਨਾ ਹੋਵੇ।ਕਾਰਵਾਈ ਦੌਰਾਨ ਪਾਰਕ ਵਿੱਚ ਖੜੀ ਨਿਰਮਾਣ ਸਮਗਰੀ ਅਤੇ ਹੋਰ ਸਾਮਾਨ ਨੂੰ ਸਥਾਨ ਤੋਂ ਹਟਾਇਆ ਗਿਆ। ਨਗਰ ਨਿਗਮ ਨੇ ਸਾਫ਼ ਸਲਾਹ ਦਿੱਤੀ ਸੀ ਕਿ ਪਾਰਕ ਜਨਤਕ ਸਥਾਨ ਹੈ ਅਤੇ ਇੱਥੇ ਕਿਸੇ ਵੀ ਤਰ੍ਹਾਂ ਦਾ ਨਿੱਜੀ ਕਬਜ਼ਾ ਕਾਬਿਲ-ਏ-ਬਰਦਾਸ਼ਤ ਨਹੀਂ।ਇੰਸਪੈਕਟਰ ਵਿਸ਼ਾਲ ਵਰਮਾ ਨੇ ਕਿਹਾ ਇਹ ਕਬਜ਼ਾ ਲੰਬੇ ਸਮੇਂ ਤੋਂ ਚਲ ਰਿਹਾ ਸੀ ਅਤੇ ਕਈ ਵਾਰ ਨੋਟਿਸ ਜਾਰੀ ਕੀਤੇ ਗਏ, ਪਰ ਕੋਈ ਸਕਾਰਾਤਮਕ ਜਵਾਬ ਨਹੀਂ ਮਿਲਿਆ। ਅੱਜ ਅਸੀਂ ਨਿਗਮ ਟੀਮ ਅਤੇ ਪੁਲਿਸ ਦੇ ਸਹਿਯੋਗ ਨਾਲ ਇਹ ਜਾਇਦਾਦ ਮੁੜ ਕਬਜ਼ਾ ਮੁਕਤ ਕਰਵਾਈ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਪਟਿਆਲਾ ਕਿਸੇ ਵੀ ਜਨਤਕ ਥਾਂ ਉੱਤੇ ਨਜਾਇਜ਼ ਕਬਜ਼ੇ ਨੂੰ ਸਹਿਣ ਨਹੀਂ ਕਰੇਗਾ।ਮੇਅਰ ਕੁੰਦਨ ਗੋਗੀਆ

# ਇੰਪੀਰੀਅਲ ਬੁੱਲਜ਼ ਨੇ ਪਟਿਆਲਾ ਵਿੱਚ ਆਪਣੀ 6ਵੀਂ ਸ਼ਾਖਾ ਖੋਲ੍ਹੀ

Desi Punjab YouTube www.desipunjab.in



ਲੁਧਿਆਣਾ 1 ਅਗਸਤ (ਕਰਨੈਲ ਸਿੰਘ ਐੱਮ.ਏ.) ਇੰਪੀਰੀਅਲ ਬੁੱਲਜ਼ ਪਟਿਆਲਾ ਵਿੱਚ ਇਹ ਇੱਕ ਬੇਮਿਸਾਲ ਸ਼ੁਰੂਆਤ ਰਹੀ ਹੈ। ਇਹ ਇੱਕ ਨਵਾਂ ਸੰਸਥਾਨ ਹੈ ।ਇੱਕ ਦਿਲਚਸਪ ਦੁਨੀਆਂ ਵਿੱਚ ਗਿਆਨ ਅਤੇ ਹੁਨਰ ਲੋਕਾਂ ਨੂੰ ਸਸ਼ਕਤ ਬਣਾਉਣ ਲਈਇਹ ਅਤਿ-ਆਧੁਨਿਕ ਨੂੰ ਸਮਰਪਿਤ ਹੈਸੰਸਥਾ ਨੇ ਆਪਣੀ ਛੇਵੀਂ ਸ਼ਾਖਾ ਇੰਪੀਰੀਅਲ ਬੁੱਲ ਦੇ ਨਾਮ 'ਤੇ ਲੀਲਾ ਭਵਨ ਮਾਰਕੀਟ, ਪਟਿਆਲਾ ਵਿੱਚ ਸ਼ੁਰੂ ਕੀਤੀ । ਸੰਸਥਾ ਦੇ ਮੁਖੀ ਓਮ ਸਿੰਘ ਨੇ ਦੱਸਿਆ ਕਿ ਪਹਿਲਾਂ ਲੁਧਿਆਣਾਮਾਡਲਟਾਊਨ, ਹਨੇਵਾਲ, ਜਲੰਧਰ ਮੁਹਾਲੀ ਦੀ ਸਫਲਤਾ ਤੋਂ ਬਾਅਦ, ਲੀਲਾ ਭਵਨ ਪਟਿਆਲਾ ਵਿਖੇ ਸਥਿਤ ਇੰਪੀਰੀਅਲ ਬੁੱਲਜ਼ ਇੰਸਟੀਚਿਊਟ ਦੀ ਛੇਵੀਂ ਸ਼ਾਖਾ ਦਾ ਅੱਜ ਉਦਘਾਟਨ ਕੀਤਾ ਗਿਆ ਜੋ ਕਿ ਭਾਰਤੀ ਬੁੱਲਜ਼ ਇੰਸਟੀਚਿਊਟ ਦੀ ਸ਼ਾਖਾ ਹੈ। ਸਟਾਕ ਮਾਰਕੀਟ ਅਤੇ ਗਲੋਬਲ ਵਿਦੇਸ਼ੀਮੁਦਰਾ ਦੋਵਾਂ ਬਾਜ਼ਾਰਾਂ 'ਤੇ ਤਿੱਖਾ ਧਿਆਨ ਦੇ ਉੱਭਰ ਰਹੇ ਨਿਵੇਸ਼ਕ ਭਾਈਚਾਰੇ ਵਿੱਚ ਇੱਛਾ ਅਤੇ ਮੁਹਾਰਤ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨ ਦਾ ਵਾਅਦਾ ਕਰਦਾ ਹੈ। ਤੁਹਾਡੀ ਉੱਦਮੀ ਭਾਵਨਾ ਇਸ ਸ਼ਹਿਰ ਵਿੱਚ, ਜਿਸ ਲਈ ਜਾਣਿਆ ਜਾਂਦਾ ਹੈ, ਇਸਦੇ ਵਿਆਪਕ ਪਾਠਕ੍ਰਮ ਦੇ ਨਾਲ ਦਾ ਅਰਥ ਹੈ ਬੇਸਿਕ ਇਨ ਬਿਜ਼ਨਸ ਐਡਵਾਂਸ ਲੈਵਲ ਤੋਂ ਲੈ ਕੇ ਕੋਰਸਾਂ ਦੀ ਪੇਸ਼ਕਸ਼ ਬਿਲਕੁਲ ਸ਼ੁਰੂਆਤ ਕਰਨ ਵਾਲਿਆਂ ਲਈ ਇਹ ਕਰਨ ਨਾਲ, ਜੋ ਮਾਰਕੀਟ ਡਾਇਨਾਮਿਕਸ ਦੇ ਬੁਨਿਆਦੀ ਸਿਧਾਂਤ ਇਹ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਸਾਬਤ ਹੋਵੇਗਾ ਜੋ ਸਿਧਾਂਤਾਂ ਨੂੰ ਸਮਝਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਨੌਜਵਾਨ ਇਸ ਸੰਸਥਾ ਵਿੱਚ ਦਾਖਲਾ ਲੈ ਕੇ ਅਤੇ ਵਪਾਰ ਦੀ ਸਿਖਲਾਈ ਲੈ ਕੇ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ।

# ਸਕੂਲਾਂ ਦੇ ਸਿਲੇਬਸ 'ਚ ਨਸ਼ਿਆਂ ਖ਼ਿਲਾਫ਼ ਵਿਸ਼ਾ ਸੂਬੇ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵੱਲ ਵਧਿਆ ਕਦਮ: ਨੀਨਾ ਮਿੱਤਲ

Desi Punjab YouTube www.desipunjab.in

ਰਾਜਪੁਰਾ,01 ਅਗਸਤ (ਹਿਮਾਂਸ਼ੂ ਹੈਰੀ):ਪੰਜਾਬ ਸਰਕਾਰ ਵੱਲੋਂ ਸਕੂਲਾਂ ਦੇ ਸਿਲੇਬਸ ਵਿੱਚ ਨਸ਼ਿਆਂ ਖ਼ਿਲਾਫ਼ ਵਿਸ਼ੇ ਨੂੰ ਲਾਜ਼ਮੀ ਬਣਾਉਣ ਦੀ ਨਵੀਨਤਮ ਪਹੁੰਚ ਨੂੰ ਹਲਕਾ ਰਾਜਪੁਰਾ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਸੂਬੇ ਦੇ ਸੁਨਹਿਰੀ ਭਵਿੱਖ ਲਈ ਇਤਿਹਾਸਕ ਕਦਮ ਕਰਾਰ ਦਿੱਤਾ ਹੈ।ਮੈਡਮ ਨੀਨਾ ਮਿੱਤਲ ਨੇ ਪਾਰਟੀ ਦੇ ਰਾਸ਼ਟਰੀ ਸੰਯੋਜਕ ਸ਼੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਅਤੇ ਸੂਬਾ ਇੰਚਾਰਜ ਸ਼੍ਰੀ ਮੁਨੀਸ਼ ਸਿਸੋਦੀਆ ਦੀ ਦੂਰਅੰਦੇਸ਼ੀ ਦੀ ਖੁੱਲ੍ਹੀ ਦਿਲੋਂ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਫੈਸਲਾ ਨੌਜਵਾਨ ਪੀੜ੍ਹੀ ਨੂੰ ਨਸ਼ੇ ਦੀ ਦਲਦਲ 'ਚ ਧੱਕਣ ਦੀ ਬਜਾਏ, ਉਹਨਾਂ ਨੂੰ ਨਵੀਂ ਦਿਸ਼ਾ ਵਿਖਾਉਣ ਵਾਲਾ ਉਪਰਾਲਾ ਹੈ।ਉਹਨਾਂ ਕਿਹਾ ਕਿ ਨੌਂਵੀ ਤੋਂ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਨਸ਼ਿਆਂ ਖ਼ਿਲਾਫ਼ ਵਿਸ਼ਾ ਲਾਜ਼ਮੀ ਹੋਣ ਨਾਲ ਵਿਦਿਆਰਥੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨਾ ਸਿਰਫ ਜਾਣੂ ਹੋਣਗੇ, ਸਗੋਂ ਉਹ ਨਸ਼ੇ ਤੋਂ ਦੂਰ ਰਹਿਣ ਦੀ ਸੋਚ ਵੀ ਵਿਕਸਿਤ ਕਰਨਗੇ। ਇਹ ਵਿਸ਼ਾ ਉਹਨਾਂ ਦੀ ਨੈਤਿਕਤਾ ਅਤੇ ਸਿਹਤ ਦੋਵਾਂ 'ਤੇ ਸਕਾਰਾਤਮਕ ਅਸਰ ਛੱਡੇਗਾ।ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਮਾਨ ਸਰਕਾਰ ਨਸ਼ਿਆਂ ਵਿਰੁੱਧ ਜੰਗ ਨੂੰ ਸਿਰਫ ਕਾਨੂੰਨੀ ਪੱਧਰ 'ਤੇ ਹੀ ਨਹੀਂ, ਸਗੋਂ ਸਮਾਜਿਕ ਅਤੇ ਸਿੱਖਿਆਤਮਕ ਪੱਧਰ 'ਤੇ ਵੀ ਲੈ ਕੇ ਚਲ ਰਹੀ ਹੈ। ਉਨ੍ਹਾਂ ਕਿਹਾ ਕਿ ਸਕੂਲੀ ਪੱਧਰ 'ਤੇ ਨਸ਼ਾ ਮੁਕਤੀ ਸੰਦੇਸ਼ ਦੇਣ ਨਾਲ ਪੂਰੇ ਪਰਿਵਾਰ ਅਤੇ ਸਮਾਜ ਉੱਤੇ ਵੀ ਚੰਗਾ ਪ੍ਰਭਾਵ ਪਵੇਗਾ।ਮੈਡਮ ਨੀਨਾ ਮਿੱਤਲ ਨੇ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਸਿੱਖਿਆ ਨਾਲ ਜੁੜੇ ਅਧਿਆਪਕਾਂ ਦੀ ਭੂਮਿਕਾ ਇਸ ਮੁਹਿੰਮ ਵਿੱਚ ਕੇਂਦਰੀ ਰਹੇਗੀ। ਅਧਿਆਪਕ, ਮਾਤਾ-ਪਿਤਾ ਅਤੇ ਸਮਾਜ ਦੇ ਹੋਰ ਹਿੱਸੇਦਾਰ ਮਿਲਕੇ



ਨਸ਼ੇ ਵਿਰੁੱਧ ਇਕ ਮਜ਼ਬੂਤ ਚੇਤਨਾ ਵਧਾ ਸਕਦੇ ਹਨ। ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਇਹ ਪਹਿਲ ਸਿਰਫ਼ ਇੱਕ ਵਿਸ਼ਾ ਨਹੀਂ, ਸਗੋਂ ਇੱਕ ਲਹਿਰ ਹੈ ਜੋ ਆਉਣ ਵਾਲੀ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾ ਕੇ ਸਿਹਤਮੰਦ, ਉਤਸ਼ਾਹੀਤ ਅਤੇ ਸੰਵੇਦਨਸ਼ੀਲ ਨਾਗਰਿਕ ਬਣਾਉਣ ਦੀ ਯਾਤਰਾ ਦੀ ਸ਼ੁਰੂਆਤ ਹੈ।

# ਚੰਦਰ ਨਗਰ ਮੁਰਗੀ ਮੁਹੱਲੇ ਦੇ ਲੋਕ ਨਰਕ ਦਾ ਜੀਵਨ ਜੀਣ ਨੂੰ ਮਜ਼ਬੂਰ _ਹੀਰਾ ਵਾਲਿਆਵਿਧਾਇਕ , ਮੇਅਰ , ਡੀ. ਸੀ , ਅਤੇ ਐਸ. ਡੀ .ਐਮ ਜਲਦ ਆਪਣਾ ਫ਼ਰਜ ਨਿਭਾਉਂਦੇ ਹੋਏ ਲੋਕਾਂ ਦੀਆਂ ਮੁਸ਼ਕਲਾਂ ਕਰਨ ਹਲ



ਬਟਾਲਾ 01 ਜੁਲਾਈ ( ਬਲਦੇਵ ਸਿੰਘ ਖਾਲਸਾ/ਸੁਨੀਲ ਬਟਾਲਵੀ/ਰਾਘਵ ਬਡਿਆਲ)ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲਿਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੰਦਰ ਨਗਰ ਮੁਰਗੀ ਮੁਹੱਲੇ ਦੇ ਲੋਕ ਨਰਕ ਦਾ ਜੀਵਨ ਜੀਣ ਨੂੰ ਮਜ਼ਬੂਰ ਹਨ ਜਦ ਕਿ ਇਸ ਸੰਘਣੀ ਆਬਾਦੀ ਵਾਲੇ ਲੋਕਾਂ ਦਾ ਸਰਕਾਰ ਅਤੇ ਪ੍ਰਸਾਸ਼ਨ ਦੇ ਕਿਸੇ ਨੁਮਾਇੰਦੇ ਸਾਰ ਨਹੀਂ ਲੇ ਰਿਹਾ। ਉਨ੍ਹਾਂ ਕਿਹਾ ਕਿ ਚੰਦਰ ਨਗਰ ਦੀਆਂ ਟੁੱਟੀਆਂ ਗਲੀਆਂ ਅਤੇ ਬਲਾਕ ਸੀਵਰੇਜ ਦੇ ਅਜਿਹੇ ਹਲਾਤ ਹਨ ਕਿ ਮੁਹੱਲਾ ਵਾਸੀਆਂ ਦਾ ਜੀਵਨ ਅਸਥ ਵਿਅਸਥ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰਡ ਦਾ ਕੌਂਸਲਰ ਵੀ ਮੌਜੂਦਾ ਸਰਕਾਰ ਦਾ ਹੀ ਹੈ ਪਰ ਮੁਹੱਲੇ ਵਿਚ ਖਲੋਤਾ ਪਾਣੀ ਅਤੇ ਬੰਦ ਸੀਵਰੇਜ ਗੰਭੀਰ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ।ਜਿਲਾ ਪ੍ਰਧਾਨ ਹੀਰਾ ਵਾਲਿਆ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਅੰਮ੍ਰਿਤ ਯੋਜਨਾ ਅਧੀਨ ਕਰੋੜਾਂ ਦਾ ਫੰਡ ਨਗਰ ਨਿਗਮ ਨੂੰ ਸਫਾਈ ਉਪਕਰਨਾਂ ਲਈ ਦਿੱਤਾ ਗਿਆ ਸੀ ਪਰ ਹਲਾਤ ਇਹ ਨੇ ਕੋਈ ਚੌਂਕ ਅਜਿਹਾ ਨਹੀਂ ਹੈ ਜਿੱਥੇ ਕੂੜੇ ਦੇ ਢੇਰ ਨਾ ਲਗੇ ਹੋਵੇ।ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਚੰਦਰ ਨਗਰ ਵਾਸੀਆਂ ਨਾਲ ਚਟਾਨ ਵਾਂਗ ਖੜ੍ਹੀ ਹੈ ਅਤੇ ਵਿਧਾਇਕ , ਡੀ. ਸੀ ਗੁਰਦਾਸਪੁਰ , ਮੇਅਰ ਨਗਰ ਨਿਗਮ ਅਤੇ ਐੱਸ. ਡੀ. ਐਮ ਬਟਾਲਾ ਨੂੰ ਜਲਦ ਆਪਣਾ ਫ਼ਰਜ ਨਿਭਾਉਦੇ ਹੋਏ ਲੋਕਾਂ ਦੀਆਂ ਮੁਸ਼ਕਲਾਂ ਦਾ ਹਲ ਕਰਵਾਉਣਾ ਚਾਹੀਦਾ ਹੈ।*

ਜਿਲਾ ਪ੍ਰਧਾਨ ਹੀਰਾ ਵਾਲਿਆ ਵਲੋ ਜਲੰਧਰ ਰੋਡ ਦੇ ਦੁਕਾਨਦਾਰਾਂ ਲਈ ਵੀ ਆਵਾਜ਼ ਕੀਤੀ ਬੁਲੰਦ

ਜਿਲਾ ਪ੍ਰਧਾਨ ਹੀਰਾ ਵਾਲਿਆ ਵਲੋ ਸਥਾਨਕ ਜਲੰਧਰ ਰੋਡ ਦੇ ਦੁਕਾਨਦਾਰਾਂ ਅਤੇ ਰਾਹਗੀਰਾਂ ਲਈ ਵੀ ਆਵਾਜ਼ ਬੁਲੰਦ ਕੀਤੀ ਗਈ ਅਤੇ ਪਾਣੀ ਦੀ ਨਿਕਾਸੀ ਨਾ ਹੋਣ ਤੇ ਪ੍ਰਸ਼ਾਸਨ ਨੂੰ ਪੱਕਾ ਹੱਲ ਕੱਢਣ ਲਈ ਕਿਹਾ ਗਿਆ ਜਿਸ ਤਹਿਤ ਸਵੇਰ ਦੀ ਬਾਰਿਸ਼ ਤੋਂ ਬਾਅਦ ਐੱਸ ਡੀ ਐਮ ਬਟਾਲਾ ਦੀ ਹਾਜ਼ਰੀ ਵਿੱਚ ਮਸ਼ੀਨ ਲਗਾ ਕੇ ਲੋਕਾਂ ਨੂੰ ਰਾਹਤ ਦੇਣ ਲਈ ਪਾਣੀ ਦਾ ਨਿਕਾਸ ਅਤੇ ਸੀਵਰੇਜ ਦਰੁਸਤ ਕਰਵਾਇਆ ਗਿਆ।ਇਸ ਮੌਕੇ ਤੇ ਜਿਲਾ ਪ੍ਰਧਾਨ ਹੀਰਾ ਵਾਲਿਆ ਨੇ ਕਿਹਾ ਕਿ ਜਿਸ ਤਰਾਂ ਪ੍ਰਸਾਸ਼ਨ ਅੱਜ ਜਾਗਿਆ ਹੈ ਉਸ ਲਈ ਧੰਨਵਾਦ ਕਰਦੇ ਹਾਂ ਅਤੇ ਭਵਿੱਖ ਵਿਚ ਵੀ ਇਸ ਰੋਡ ਦਾ ਪਕੇ ਤੋਰ ਤੇ ਹਲ ਕਰਨ ਲਈ ਆਸ ਰਖਦੇ ਹਾਂ।

# 3 ਅਗਸਤ ਦਿਨ ਐਤਵਾਰ ਨੂੰ ਸ਼ਿਵ ਕੁਮਾਰ ਬਟਾਲਵੀ ਆਡੋਟੋਰੀਅਮ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ 'ਤੀਆਂ' ਦਾ ਤਿਓਹਾਰ- ਸ੍ਰੀਮਤੀ ਰਾਜਬੀਰ ਕੌਰ ਕਲਸੀ



ਬਟਾਲਾ, 1 ਅਗਸਤ (ਬਲਦੇਵ ਸਿੰਘ ਖਾਲਸਾ /ਸੁਨੀਲ ਬਟਾਲਵੀ /ਰਾਘਵ ਬਡਿਆਲ) ਸ੍ਰੀਮਤੀ ਰਾਜਬੀਰ ਕੌਰ ਕਲਸੀ ਧਰਮਪਤਨੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਤੀਆਂ' ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸ੍ਰੀਮਤੀ ਰਾਜਬੀਰ ਕੋਰ ਕਲਸੀ ਨੇ ਅੱਗੇ ਦੱਸਿਆ ਕਿ ਇਸ ਵਾਰ ਵੀ ਸਾਉਣ ਦੇ ਮਹੀਨੇ ਵਿੱਚ ਸ਼ਿਵ ਕੁਮਾਰ ਬਟਾਲਵੀ ਆਡੋਟੋਰੀਅਮ ਵਿਖੇ 'ਤੀਆਂ' ਦਾ ਤਿਉਹਾਰ 3 ਅਗਸਤ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਮਨਾਇਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਮਨਾਏ ਜਾ ਰਹੇ ਇਸ 'ਤੀਆਂ' ਦੇ ਤਿਉਹਾਰ ਮੌਕੇ ਉੱਘੀ ਗਾਇਕਾ ਸਰਗੀ ਮਾਨ, ਗਿੱਧਿਆਂ ਦੀ ਰਾਣੀ ਕਵਲੀਨ ਕੋਰ ਭਿੰਡਰ ਅਤੇ ਚੰਨ ਕੋਰ ਵਿਸ਼ੇਸ ਤੌਰ 'ਤੇ ਸ਼ਿਰਕਤ ਕਰਨਗੀਆਂ। ਉਨਾਂ ਸਭ ਮੁਟਿਆਰਾਂ ਨੂੰ ਇਨਾਂ ਪਲਾਂ ਨੂੰ ਸਾਂਝਾ ਕਰਨ ਅਤੇ ਖੁਸ਼ੀ ਦੀ ਸਾਂਝ ਪਾਉਣ ਲਈ ਕਿਹਾ।


# ਐਸ.ਡੀ.ਐਮ. ਰਾਜਪੁਰਾ ਨੇ ਸੜਕ ਸੁਰੱਖਿਆ ਅਤੇ ਟਰੈਫਿਕ ਸਮੱਸਿਆਵਾਂ ਨੂੰ ਲੈ ਕੇ ਕੀਤੀ ਅਹਿਮ ਮੀਟਿੰਗ

## ਐਨ.ਐਚ.ਏ.ਆਈ ਅਤੇ ਟਰੈਫਿਕ ਵਿਭਾਗ ਦੇ ਅਧਿਕਾਰੀ ਰਹੇ ਮੌਜੂਦ, ਸੜਕਾਂ ਦੀ ਖ਼ਸਤਾ ਹਾਲਤ ਤੇ ਜਾਮ ਮੁੱਦੇ 'ਤੇ ਹੋਈ ਚਰਚਾ



ਰਾਜਪੁਰਾ,01 ਅਗਸਤ (ਹਿਮਾਂਸ਼ੂ ਹੈਰੀ):ਰਾਜਪੁਰਾ ਸਬ-ਡਵੀਜ਼ਨਲ ਮੈਜਿਸਟ੍ਰੇਟ (ਐਸ.ਡੀ.ਐਮ.) ਅਵਿਕੇਸ ਗੁਪਤਾ ਦੀ ਅਗਵਾਈ ਹੇਠ ਅੱਜ ਮਿੰਨੀ ਸਕੱਤਰੇਤ ਵਿਖੇ ਸੜਕ ਸੁਰੱਖਿਆ ਅਤੇ ਟਰੈਫਿਕ ਵਿਵਸਥਾ ਸਬੰਧੀ ਇਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਐਸ.ਪੀ. ਟਰੈਫਿਕ ਪਟਿਆਲਾ ਅਛਰੂ ਰਾਮ ਸ਼ਰਮਾ, ਐਨ ਐਚ ਏ ਆਈ ਅੰਬਾਲਾ ਦੇ ਡਿਪਟੀ ਮੈਨੇਜਰ ਵਿਸ਼ਾਲ ਕੇਸਰਵਾਨੀ, ਸਾਈਟ ਇੰਜੀਨੀਅਰ ਲਲਿਤ ਕੁਸ਼, ਟਰੈਫਿਕ ਇੰਚਾਰਜ ਰਾਜਪੁਰਾ ਗੁਰਬਚਨ ਸਿੰਘ ਆਦਿ ਹਾਜ਼ਰ ਰਹੇ।ਮੀਟਿੰਗ ਤੋਂ ਪਹਿਲਾਂ ਐਸ.ਡੀ.ਐਮ. ਨੇ ਐਨ ਐਚ ਏ ਆਈ ਦੇ ਅਧਿਕਾਰੀਆਂ ਦੇ ਨਾਲ ਰਾਜਪੁਰਾ ਬਾਈਪਾਸ ਅਤੇ ਮੇਨ ਰੋਡ ਦਾ ਮੌਕੇ 'ਤੇ ਨਿਰੀਖਣ ਕੀਤਾ। ਉਨ੍ਹਾਂ ਸਿਮਰਨ ਢਾਬੇ ਤੋਂ ਗਗਨ ਚੌਂਕ ਤੱਕ ਸੜਕ ਵਿਚਕਾਰ ਬਣੇ ਖਹਿਰੇ ਅਤੇ ਟੂਟੀ ਸੜਕਾਂ ਬਾਰੇ ਚਿੰਤਾ ਜਤਾਉਂਦਿਆਂ ਤੁਰੰਤ ਮੁਰੰਮਤ ਲਈ ਆਦੇਸ਼ ਜਾਰੀ ਕੀਤੇ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਖੱਤਰਨਾਕ ਖੱਡਿਆਂ ਕਾਰਨ ਆਏ ਦਿਨ ਹਾਦਸੇ ਵਾਪਰਦੇ ਹਨ ਅਤੇ ਲੋਕਾਂ ਦੀ ਜਾਨ ਨੂੰ ਖਤਰਾ ਬਣਿਆ ਹੋਇਆ ਹੈ, ਜਿਸ ਨੂੰ ਲੈ ਕੇ ਐਨ ਐਚ ਏ ਆਈ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇ।ਮੀਟਿੰਗ ਦੌਰਾਨ ਟਰੈਫਿਕ ਜਾਮ ਦੀ ਵਧ ਰਹੀ ਸਮੱਸਿਆ ਉੱਤੇ ਵੀ ਚਰਚਾ ਹੋਈ। ਐਸ.ਡੀ.ਐਮ. ਨੇ ਕਿਹਾ ਕਿ ਨੈਸ਼ਨਲ ਹਾਈਵੇ ਐਨ ਐਚ-1 ਉੱਤੇ ਪੁਲ ਨਿਰਮਾਣ ਅਤੇ ਰਾਹਤ ਸਹੂਲਤਾਂ ਦੀ ਕਮੀ ਕਾਰਨ ਇਲਾਕੇ ਵਿੱਚ ਜਾਮ ਆਮ ਗੱਲ ਬਣ ਚੁਕੀ ਹੈ। ਉਨ੍ਹਾਂ ਟ੍ਰੈਫਿਕ ਵਿਭਾਗ ਨੂੰ ਹਦਾਇਤ ਕੀਤੀ ਕਿ ਜਨਤਾ ਨੂੰ ਜਾਮ ਤੋਂ ਛੁਟਕਾਰਾ ਦੇਣ ਲਈ ਥਾਈ ਹੱਲ ਲੱਭੇ ਜਾਣ।ਇਸੇ ਤਰ੍ਹਾਂ, ਟ੍ਰੈਫਿਕ ਲਾਈਟਾਂ ਅਤੇ ਸਿਗਨਲ ਪ੍ਰਣਾਲੀ ਦੀ ਵਰਤੋਂ ਨੂੰ ਲੈ ਕੇ ਵੀ ਗੰਭੀਰ ਚਰਚਾ ਹੋਈ। ਐਸ.ਪੀ. ਟਰੈਫਿਕ ਨੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਜਨਤਾ ਨੂੰ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਜੇ ਲੋਕ ਸਹੀ ਢੰਗ ਨਾਲ ਨਿਯਮਾਂ ਦੀ ਪਾਲਣਾ ਕਰਨ, ਤਾਂ ਟਰੈਫਿਕ ਜਾਮ ਅਤੇ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ।ਐਸ.ਡੀ.ਐਮ. ਅਵਿਕੇਸ ਗੁਪਤਾ ਨੇ ਅੰਤ ਵਿੱਚ ਸਾਰੇ ਅਧਿਕਾਰੀਆਂ ਨੂੰ ਸੰਯੁਕਤ ਯਤਨ ਕਰਕੇ ਰਾਜਪੁਰਾ ਵਿੱਚ ਟਰੈਫਿਕ ਪ੍ਰਬੰਧਨ ਨੂੰ ਸੁਧਾਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੜਕਾਂ ਦੀ ਮੁਰੰਮਤ, ਟਰੈਫਿਕ ਲਾਈਟਾਂ ਦੀ ਠੀਕ ਵਿਵਸਥਾ ਅਤੇ ਨਿਯਮਾਂ ਦੀ ਪਾਲਣਾ ਰਾਹੀਂ ਹੀ ਸ਼ਹਿਰ ਨੂੰ ਟਰੈਫਿਕ ਜਾਮ ਤੋਂ ਮੁਕਤ ਕਰਵਾਇਆ ਜਾ ਸਕਦਾ ਹੈ।ਇਹ ਮੀਟਿੰਗ ਟਰੈਫਿਕ ਅਤੇ ਸੜਕ ਸੁਰੱਖਿਆ ਮੁੱਦਿਆਂ ਲਈ ਇਕ ਠੋਸ ਪੈਲ ਕਿਹਾ ਜਾ ਸਕਦਾ ਹੈ, ਜਿਸ ਵਿੱਚ ਜ਼ਮੀਨੀ ਹਕੀਕਤਾਂ ਦਾ ਜਾਇਜ਼ਾ ਲੈ ਕੇ ਨਿਰਣਾਇਕ ਕਦਮ ਚੁੱਕਣ ਦੀ ਦਿਸ਼ਾ ਦਿੱਤੀ ਗਈ।

# ਅੰਤਰ -ਰਾਸ਼ਟਰੀ ਸਾਂਝਾ ਕਾਵਿ ਸੰਗ੍ਰਹਿ "ਸੁਖਨ ਦੇ ਵਾਰਿਸ" ਵਿੱਚ ਸਮਾਣਾ ਦੇ ਸ਼ਾਇਰ 'ਪ੍ਰਭਾਤ ਵਰਮਾ' ਅਤੇ 'ਪ੍ਰਵੀਨ ਕੁਮਾਰ ਗਰਗ' ਦੀਆਂ ਕਵਿਤਾਵਾਂ ਨੂੰ ਮਿਲੀ ਥਾਂ




ਦੀਵਾਨ ਥਰੇਜਾ ਸਮਾਣਾ ਅੰਤਰ ਰਾਸ਼ਟਰੀ ਕਾਵਿ ਸੰਗ੍ਰਹਿ "ਸੁਖਨ ਦੇ ਵਾਰਿਸ"ਜੋ ਕਿ ਬਸੰਤ ਸੁਹੇਲ ਪਬਲੀਕੇਸ਼ਨ ਫਗਵਾੜਾ (ਕਪੂਰਥਲਾ ) ਵੱਲੋਂ ਪਬਲੀਸ਼ ਕੀਤੀ ਗਈ ਹੈ, ਇਸ ਕਿਤਾਬ ਵਿੱਚ ਸ਼ਹਿਰ ਸਮਾਣਾ ਦੇ ਨਾਮਵਰ ਕਵੀ ਪ੍ਰਭਾਤ ਵਰਮਾ ਅਤੇ ਪ੍ਰਵੀਨ ਕੁਮਾਰ ਗਰਗ ਦੀਆਂ ਕਵਿਤਾਵਾਂ ਨੂੰ ਪ੍ਰਮੁੱਖਤਾ ਨਾਲ ਛਾਪਿਆ ਗਿਆ ਹੈ, ਇਸ ਕਿਤਾਬ ਵਿੱਚ ਪ੍ਰਭਾਤ ਵਰਮਾ ਦੀਆਂ ਸੱਤ ਚਰਚਿਤ ਕਵਿਤਾਵਾਂ, ਪਾਣੀ, ਸ਼ਿੱਦਤ,ਕਸ਼ਮਕਸ਼ ,ਸਲਾਮੀ,ਮੁੜ ਆਵਾਂਗਾਂ,ਅਤੇ ਅੰਬਰੀ ਤਾਰੇ ਨੂੰ ਸ਼ਾਮਿਲ ਕੀਤਾ ਗਿਆ ਹੈ,ਇਸੀ ਤਰ੍ਹਾਂ ਪ੍ਰਵੀਨ ਕੁਮਾਰ ਗਰਗ ਦੀਆਂ ਚਾਰ ਵੱਡੀਆਂ ਕਵਿਤਾਵਾਂ ਹੌਂਸਲੇ,ਜੀ ਆਇਆਂ ਨੂੰ,ਵਿਚਾਰਾ ਮੁੰਡਾ, ਅਤੇ ਖੂਨਦਾਨ ਮਹਾਂ ਕਲਿਆਣ ਕਵਿਤਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ

ਇਥੇ ਜਿਕਰਯੋਗ ਹੈ ਕਿ ਇਸ ਕਿਤਾਬ ਦੇ ਖਰੜੇ ਨੂੰ ਕਿਤਾਬੀ ਰੂਪ ਦੇਣ ਵਿੱਚ ਸ.ਹਰਮਿੰਦਰ ਸਿੰਘ ਵਿਰਦੀ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਰਿਹਾ ਹੈ,ਇਸ ਕਿਤਾਬ ਦੇ ਸੰਪਾਦਕੀ ਮੰਡਲ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਰਤਰੀ ਪ੍ਰਸਿੱਧੀ ਪ੍ਰਾਪਤ ਲੇਖਕ ਸ਼ਾਮਲ ਹਨ, ਇਸ ਦੇ ਸੰਪਾਦਕੀ ਮੰਡਲ ਵਿੱਚ ਚਰਨ ਸਿੰਘ (ਕਨੇਡਾ), ਭੁਪਿੰਦਰ ਸਿੰਘ ਸੱਗੂ(ਯੂ.ਕੇ.), ਰਮਿੰਦਰ ਵਾਲੀਆ (ਕਨੈਡਾ), ਸੰਧੂ ਵਰਿਆਣਵੀ,ਡਾ. ਮਨਦੀਪ ਸਿੰਘ, ਸਾਬੀ ਇਸਪੁਰੀ ਸ਼ਾਮਲ ਹਨ. ਇਸ ਕਿਤਾਬ ਵਿੱਚ ਅਠਾਸੀ ਰਾਸ਼ਟਰੀ ਅਤੇ ਅੰਤਰਾਸ਼ਟਰੀ ਕਵੀਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ

# ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਪਾਤੜਾਂ ਦੇ ਗਰੀਬ ਲੋਕਾਂ ਨੂੰ ਇਨਸਾਫ਼ ਦਿਵਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ — ਕੈਂਥ

## ਪਰਮਜੀਤ ਕੈਂਥ ਨੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸੰਗਠਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਸ਼ਲਾਘਾ ਕੀਤੀ ਹੈ



ਪਾਤੜਾਂ/ਪਟਿਆਲਾ, 1 ਅਗਸਤ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਗਰੀਬ ਲੋਕਾਂ ਨੂੰ ਇਨਸਾਫ਼ ਦਿਵਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀ ਹੈ। ਹਾਲ ਹੀ ਵਿੱਚ ਪਾਤੜਾਂ ਨੇੜਲੇ ਪਿੰਡ ਨਿਆਲ ਦੇ ਦੋ ਵਿਅਕਤੀਆਂ ਨੇ ਚੋਰੀ ਦੇ ਦੋਸ਼ ਹੇਠ ਖੁਦਕੁਸ਼ੀ ਕਰ ਲਈ। ਇਸ ਦੇ ਵਿਰੋਧ ਵਿੱਚ ਪਿਛਲੇ ਸੱਤ ਦਿਨਾਂ ਤੋਂ ਵਿਰੋਧ ਪ੍ਰਦਰਸ਼ਨ ਅਤੇ ਪ੍ਰਦਰਸ਼ਨ ਚੱਲ ਰਹੇ ਹਨ। ਪ੍ਰਸ਼ਾਸਨ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਅਸਫਲ ਜਾਪਦਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਖੁਦਕੁਸ਼ੀ ਲਈ ਮਜਬੂਰ ਕੀਤਾ। ਇਹ ਪ੍ਰਗਟਾਵਾ ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦੇ ਸੂਬਾਈ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਵਿਰੋਧ ਪ੍ਰਦਰਸ਼ਨ ਅਤੇ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਗਰੀਬ ਵਰਗ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਨਹੀਂ ਕੀਤੀ ਜਾ ਰਹੀ। ਡਿਪਟੀ ਕਮਿਸ਼ਨਰ ਪਟਿਆਲਾ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਪੱਧਰ ਤੋਂ ਲੈ ਕੇ ਰਾਜ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਅਤੇ ਸਿਆਸਤਦਾਨਾਂ ਨੇ ਪੀੜਤ ਪਰਿਵਾਰ ਵੱਲ ਕੋਈ ਧਿਆਨ ਨਹੀਂ ਦਿੱਤਾ। ਆਮ ਆਦਮੀ ਪਾਰਟੀ ਵਿੱਚ ਇੱਕ ਕੈਬਨਿਟ ਮੰਤਰੀ, ਸਾਬਕਾ ਕੈਬਨਿਟ ਮੰਤਰੀ ਅਤੇ ਪਟਿਆਲਾ ਜ਼ਿਲ੍ਹੇ ਦੇ 6 ਵਿਧਾਇਕ ਹਨ। ਪ੍ਰਸ਼ਾਸਨ ਅਤੇ ਸਰਕਾਰ ਦੇ ਇਸ ਰਵੱਈਏ ਦੀ ਨਿੰਦਾ ਕਰਦੇ ਹੋਏ ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਇਹ ਕਿਸੇ ਵੀ ਕੀਮਤ 'ਤੇ ਬਰਦਾਸ਼ਤਯੋਗ ਨਹੀਂ ਹੈ। ਭਾਜਪਾ ਆਗੂ ਕੈਂਥ ਨੇ ਕਿਹਾ ਕਿ ਪਾਤੜਾਂ ਦੇ ਡਿਪਟੀ ਸੁਪਰਡੈਂਟ ਆਫ਼ ਪੁਲਿਸ ਨਾਲ ਮੇਰੀ ਗੱਲਬਾਤ ਤੋਂ ਬਾਅਦ, ਐਫਆਈਆਰ ਵਿੱਚ ਅਨਿਆਂ ਅਤੇ ਅੱਤਿਆਚਾਰ ਰੋਕਥਾਮ ਐਕਟ 1989 ਲਗਾਇਆ ਗਿਆ ਹੈ ਪਰ ਅਸਲ ਦੋਸ਼ੀ ਅਜੇ ਤੱਕ ਨਹੀਂ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਗਰੀਬ ਪੀੜਤ ਪਰਿਵਾਰਾਂ ਨੂੰ ਇਨਸਾਫ਼ ਅਤੇ ਮੁਆਵਜ਼ਾ ਮਿਲਣਾ ਚਾਹੀਦਾ ਹੈ। ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਉਨ੍ਹਾਂ ਦੇ ਸੰਘਰਸ਼ ਨੂੰ ਸਲਾਮ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਸੰਘਰਸ਼ ਕਾਰਨ ਪੀੜਤ ਪਰਿਵਾਰ ਨੂੰ ਜ਼ਰੂਰ ਇਨਸਾਫ਼ ਅਤੇ ਮੁਆਵਜ਼ਾ ਮਿਲੇਗਾ ਅਤੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਝੁਕਣਾ ਪਵੇਗਾ ਅਤੇ ਗਰੀਬ ਪਰਿਵਾਰਾਂ ਦੇ ਪੀੜਤਾਂ ਨੂੰ ਸਫਲਤਾ ਅਤੇ ਨਿਆਂ ਮਿਲੇਗਾ। ਇਸ ਮੌਕੇ ਹਮਲਾਵਰਾਂ ਤੋਂ ਇਲਾਵਾ ਨਿਰਮਲ ਸਿੰਘ ਨਿਆਲ, ਗੁਰਮੇਲ ਸਿੰਘ, ਡਾ. ਬਹਾਦਰ ਸਿੰਘ, ਵਿੱਕੀ ਰਾਏ, ਲਲਿਤ ਸ਼ਰਮਾ ਅਤੇ ਚਿਰਾਗ ਸਿੰਗਲਾ ਵੀ ਮੌਜੂਦ ਸਨ।

# ਸੋਨੀਆ ਮਾਨ ਵੱਲੋਂ ਬਲਾਕ ਚੋਗਾਵਾਂ ਦੇ ਪਿੰਡਾਂ ਦੇ ਸਰਪੰਚਾਂ ਦੀਆਂ ਮੁਸ਼ਕਿਲਾਂ ਸੁਣੀਆਂ



ਲੋਪੋਕੇ ਚੁਗਾਵਾਂ, 1 ਅਗਸਤ (ਸਤਵਿੰਦਰ ਸਿੰਘ ਲੋਪੋਕੇ)- ਅੱਜ ਹਲਕਾ ਰਾਜਾਸਾਂਸੀ ਇੰਚਾਰਜ ਮੈਡਮ ਸੋਨੀਆ ਮਾਨ ਵੱਲੋਂ ਬਲਾਕ ਚੋਗਾਵਾਂ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਪੰਚਾਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਮੈਡਮ ਸੋਨੀਆ ਮਾਨ ਵੱਲੋਂ ਪਿੰਡਾਂ ਦੇ ਸਰਪੰਚਾਂ ਪੰਚਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਜਾਇਜ਼ਾ ਲਿਆ। ਇਸ ਮੌਕੇ ਮੈਡਮ ਸੋਨੀਆ ਮਾਨ ਨੇ ਕਿਹਾ ਕਿ ਪਿੰਡਾਂ ਦੇ ਵਿੱਚ ਜਲਦ ਹੀ ਰੁਕੇ ਕੰਮ ਸ਼ੁਰੂ ਕਰਵਾਏ ਜਾਣਗੇ । ਇਹਨਾਂ ਪਿੰਡਾਂ ਵਿੱਚ ਬਿਨਾਂ ਕਿਸੇ ਭੇਦਭਾਵ ਵਿਕਾਸ ਕਾਰਜ ਕੀਤੇ ਜਾਣਗੇ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਂਟ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਹਨਾਂ ਬੀ ਡੀ ਪੀ ਓ ਚੋਗਾਵਾਂ ਤੇ ਸੈਕਟਰੀਆ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਪਿੰਡਾਂ ਵਿੱਚ ਜਲਦ ਤੋਂ ਜਲਦ ਕੰਮ ਸ਼ੁਰੂ ਕਰਵਾਉਣ ਤੇ ਪਿੰਡਾਂ ਦੇ ਵਿਕਾਸ ਕਾਰਜਾਂ ਜਲਦ ਨੇਪਰੇ ਚੜ੍ਹਾਉਣ। ਸੋਨੀਆ ਮਾਨ ਨੇ ਕਿਹਾ ਕਿ ਹਲਕਾ ਰਾਜਾਸਾਂਸੀ ਨੂੰ ਇੱਕ ਨਮੂਨੇ ਦਾ ਹਲਕਾ ਬਣਾਉਣਾ ਮੇਰਾ ਸੁਪਨਾ ਉਸ ਸੁਪਨੇ ਨੂੰ ਪੂਰਾ ਕਰਨ ਲਈ ਮੈਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਇਸ ਹਲਕੇ ਲਈ ਵੱਧ ਤੋਂ ਵੱਧ ਗਰਾਂਟਾਂ ਲਿਆ ਕੇ ਪਿੰਡ ਇਹਨਾਂ ਪਿੰਡਾਂ ਵਿੱਚ ਵੱਧ ਤੋਂ ਵੱਧ ਸੁੱਖ ਸਹੂਲਤਾਂ ਦੇਵਾਂਗੀ। ਇਸ ਮੌਕੇ ਬੀ.ਡੀ.ਪੀ.ਓ ਸ਼ਮਸ਼ੇਰ ਸਿੰਘ, ਸੁਖਦੀਪ ਸਿੰਘ ਛੀਨਾ, ਸਰਪੰਚ ਅਵਤਾਰ ਸਿੰਘ ਲਾਲੀ ਸਾਰੰਗੜਾ, ਬਲਾਕ ਪ੍ਰਭਾਵੀ ਗੁਰਸ਼ਰਨ ਸਿੰਘ ਮਾਨਾਵਾਲਾ,ਯੁੱਧ ਨਸ਼ਿਆਂ ਵਿਰੁੱਧ ਹਲਕਾ ਰਾਜਾਸਾਂਸੀ ਕੋਡੀਨੇਟਰ ਲਖਵਿੰਦਰ ਸਿੰਘ ਲੱਖਾ, ਸੁੱਖ ਟਰੱਕਾਂ ਵਾਲਾ, ਲਖਬੀਰ ਸਿੰਘ ਆੜ੍ਹਤੀ ਮੰਜ, ਸਰਪੰਚ ਪਿਛੋਰਾ ਸਿੰਘ ਨਵਾਂ ਜੀਵਨ, ਸਰਪੰਚ ਜਸਪਾਲ ਸਿੰਘ ਮਿੰਟੂ ਕੱਚਾ ਭੀਲੋਵਾਲ, ਸਵਰਾਜ ਸਿੰਘ ਠੱਠਾ, ਰਣਜੀਤ ਸਿੰਘ ਕਾਲਾ, ਸਰਪੰਚ ਨਵਤੇਜ ਸਿੰਘ ਭਿੰਡੀਆਂ, ਸਰਪੰਚ ਮੁਖਤਾਰ ਸਿੰਘ ਭੰਗਵਾਂ, ਸਰਪੰਚ ਸੁਖਰਾਜ ਸਿੰਘ ਵੇਹਰਾ, ਡਾਇਰੈਕਟਰ ਬਲਬੀਰ ਸਿੰਘ ਵੇਹਰਾ, ਸਰਪੰਚ ਮੱਸੂ ਭੱਗੂਪੁਰ, ਦਿਲਬਾਗ ਫੌਜੀ ਤੂਤ, ਬੇਟ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਹਰਿਦੁਵਾਰ ਵਿੱਚ ਸਾਂਈ ਝੂਲੇ ਲਾਲ ਜੀ ਦੀ ਵਿਸ਼ਾਲ ਸੋਭਾ ਯਾਤਰਾ, ਵਿਧਾਇਕਾ ਨੀਨਾ ਮਿੱਤਲ ਨੇ ਪਰਿਵਾਰ ਸਮੇਤ ਕੀਤੀ ਸ਼ਿਰਕਤ

## ਲੱਖਾਂ ਦੀ ਹਾਜ਼ਰੀ 'ਚ ਭਗਤਾਂ ਨੇ ਲਿਆ ਅਸ਼ੀਰਵਾਦ, ਰਾਜਪੁਰਾ ਹਲਕੇ ਦੀ ਤਰੱਕੀ ਲਈ ਕੀਤੀ ਪ੍ਰਾਰਥਨਾ



ਰਾਜਪੁਰਾ,01 ਅਗਸਤ (ਹਿਮਾਂਸ਼ੂ ਹੈਰੀ):ਪਵਿੱਤਰ ਧਰਤੀ ਹਰਿਦੁਵਾਰ ਵਿੱਚ ਸਾਂਈ ਝੂਲੇ ਲਾਲ ਜੀ ਦੀ ਵਿਸ਼ਾਲ ਸੋਭਾ ਯਾਤਰਾ ਸ਼ਰਧਾ ਭਾਵਨਾ ਨਾਲ ਕੱਢੀ ਗਈ। ਇਸ ਆਤਮਿਕ ਅਤੇ ਰੂਹਾਨੀ ਸਮਾਗਮ ਵਿਚ ਭਾਰਤ ਦੇ ਕੋਨੇ-ਕੋਨੇ ਤੋਂ ਆਏ ਲੱਖਾਂ ਭਗਤਾਂ ਨੇ ਸ਼ਿਰਕਤ ਕਰ ਕੇ ਸਾਂਈ ਝੂਲੇ ਲਾਲ ਜੀ ਦੇ ਦਰਸ਼ਨ ਕੀਤੇ ਅਤੇ ਅਸ਼ੀਰਵਾਦ ਲਿਆ।ਇਸ ਮਹਾਨ ਪਵਿੱਤਰ ਤਿਉਹਾਰ ਮੌਕੇ ਹਲਕਾ ਰਾਜਪੁਰਾ ਤੋਂ ਆਮ ਆਦਮੀ ਪਾਰਟੀ ਤੋਂ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਆਪਣੇ ਪਰਿਵਾਰ, ਸਹਿਯੋਗੀ ਟੀਮ ਅਤੇ ਹਰਿਆਣਾ-ਪੰਜਾਬ ਤੋਂ ਆਈਆ ਸੰਗਤਾਂ ਨਾਲ ਮਿਲ ਕੇ ਯਾਤਰਾ ਵਿੱਚ ਭਾਗ ਲਿਆ। ਇਹ ਪਹਿਲੀ ਵਾਰ ਸੀ ਜਦ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਇਸ ਯਾਤਰਾ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਸਾਂਈ ਝੂਲੇ ਲਾਲ ਜੀ ਦੇ ਚਰਨਾਂ 'ਚ ਮੱਥਾ ਟੇਕਿਆ ਅਤੇ ਰਾਜਪੁਰਾ ਹਲਕੇ ਦੀ ਖੁਸ਼ਹਾਲੀ, ਤਰੱਕੀ ਅਤੇ ਨਸ਼ਾ ਮੁਕਤੀ ਲਈ ਖਾਸ ਤੌਰ 'ਤੇ ਪ੍ਰਾਰਥਨਾ ਕੀਤੀ।ਸੋਭਾ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਵਿਧਾਇਕਾ ਨੇ ਸਥਾਨਕ ਸਾਧੂ-ਸੰਤਾਂ ਅਤੇ ਯਾਤਰਾ ਆਯੋਜਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਆਸ਼ੀਰਵਾਦ ਪ੍ਰਾਪਤ ਕੀਤੀ। ਯਾਤਰਾ ਦੌਰਾਨ ਸਜਾਏ ਗਏ ਰਥ, ਭਗਤੀ ਰਸਮਾਂ ਅਤੇ ਕੀਰਤਨ-ਭਜਨਾਂ ਨੇ ਮਾਹੌਲ ਨੂੰ ਰੂਹਾਨੀ ਬਣਾ ਦਿੱਤਾ। ਹਰੇਕ ਮੋੜ ਤੇ ਸੰਗਤਾਂ ਵੱਲੋਂ ਕੀਤੀ ਜਾ ਰਹੀ "ਝੂਲੇ ਲਾਲ ਬੇਰਾ ਪਾਰ" ਦੀ ਘੋਸ਼ਨਾ ਅਕਾਸ਼ ਗੂੰਜ ਰਹੀ ਸੀ।ਇਸ ਮੌਕੇ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਕਿਹਾ ਕਿ ਸਾਂਈ ਝੂਲੇ ਲਾਲ ਜੀ ਮਨੁੱਖਤਾ,ਅਨੁਸ਼ਾਸਨ ਅਤੇ ਨਿਰਭੀਕਤਾ ਦੇ ਪ੍ਰਤੀਕ ਹਨ। ਉਨ੍ਹਾਂ ਦੇ ਜੀਵਨ ਸੰਦੇਸ਼ ਨੂੰ ਅਮਲ ਵਿਚ ਲਿਆਉਣ ਦੀ ਅਹਿਮ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਨਾ ਸਿਰਫ਼ ਇੱਕ ਧਾਰਮਿਕ ਸਮਾਰੋਹ ਸੀ, ਸਗੋਂ ਇਹ ਇੱਕ ਆਤਮਿਕ ਅਨੁਭਵ ਵੀ ਸੀ, ਜਿਸ ਵਿੱਚ ਭਗਤੀ, ਸੇਵਾ ਅਤੇ ਏਕਤਾ ਦੀ ਸੱਚੀ ਝਲਕ ਮਿਲੀ। ਦੱਸਣਯੋਗ ਹੈ ਕਿ ਹਰਿਦੁਆਰ ਨੂੰ ਸਭ ਤੋਂ ਪਵਿਤਰ ਘਾਟ ਮੰਨਿਆ ਜਾਂਦਾ ਹੈ ਅਤੇ ਪੂਰੇ ਭਾਰਤ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਤੀਰਥ ਯਾਤਰੀਆਂ ਦੇ ਜਥੇ ਇਸ ਪਵਿੱਤਰ ਦਿਵਸਾਂ ਦੇ ਮੌਕੇ ਉੱਤੇ ਇਸਨਾਨ ਕਰਣ ਲਈ ਇੱਥੇ ਆਉਂਦੇ ਹੈ। ਇੱਥੇ ਇਸਨਾਨ ਕਰਣਾ ਮੁਕਤੀ ਪ੍ਰਾਪਤ ਕਰਣ ਲਈ ਜ਼ਰੂਰੀ ਮੰਨਿਆ ਜਾਂਦਾ ਹੈ।ਇਸ ਮੌਕੇ ਵਿਧਾਇਕਾ ਨੀਨਾ ਮਿੱਤਲ ਨੇ ਦੱਸਿਆ ਕਿ ਉਹ ਹਰ ਸਾਲ ਇਸ ਯਾਤਰਾ ਭਾਗੀਦਾਰੀ ਬਣਾਉਣ ਦੀ ਇੱਛਾ ਰੱਖਦੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਰਾਜਪੁਰਾ ਹਲਕੇ ਤੋਂ ਹੋਰ ਸੰਗਤਾਂ ਨੂੰ ਵੀ ਇਸ ਯਾਤਰਾ 'ਚ ਸ਼ਮੂਲੀਅਤ ਲਈ ਪ੍ਰੇਰਿਤ ਕਰਨਗੇ।ਇਸ ਮੌਕੇ ਹਰਦਿਵਾਰ ਸੰਗਤਾਂ ਨੇ ਵੀ ਮੈਡਮ ਨੀਨਾ ਮਿੱਤਲ ਦੀ ਹਾਜਰੀ ਅਤੇ ਉਨ੍ਹਾਂ ਦੇ ਨਿਮਰ ਸੁਭਾਅ ਦੀ ਸਾਰਾਹਨਾ ਕੀਤੀ। ਉਨ੍ਹਾਂ ਨੂੰ ਰਾਜਪੁਰਾ ਹਲਕੇ ਦੀ ਧੀ ਦੇ ਤੌਰ 'ਤੇ ਪਿਆਰ ਭਰਿਆ ਸਨਮਾਨ ਦਿੱਤਾ ਗਿਆ।ਸਾਂਈ ਝੂਲੇ ਲਾਲ ਜੀ ਦੀ ਸੋਭਾ ਯਾਤਰਾ ਹਰ ਸਾਲ ਮਨਾਈ ਜਾਂਦੀ ਹੈ, ਜੋ ਕਿ ਭਗਤਾਂ ਲਈ ਇੱਕ ਵਿਸ਼ਵਾਸ ਅਤੇ ਭਗਤੀ ਦੀ ਲਾਈਵ ਪ੍ਰਤੀਕ ਬਣੀ ਹੋਈ ਹੈ। ਇਸ ਯਾਤਰਾ ਰਾਹੀਂ ਮਨੁੱਖਤਾ, ਧਰਮ ਅਤੇ ਆਧਿਆਤਮਿਕਤਾ ਦੀ ਰੋਸ਼ਨੀ ਸਦਾ ਲਈ ਫੈਲਾਈ ਜਾਂਦੀ ਹੈ।ਇਸ ਤਰੀਕੇ ਨਾਲ ਹਰਿਦਵਾਰ ਦੀ ਧਰਤੀ ਨੇ ਇਕ ਵਾਰੀ ਫਿਰ ਸਾਂਈ ਝੂਲੇ ਲਾਲ ਜੀ ਦੇ ਭਗਤਾਂ ਦੀ ਰੂਹਾਨੀ ਲਹਿਰ ਦਾ ਸਾਖੀ ਬਣਦਿਆਂ, ਵਿਸ਼ਵ ਭਰ ਦੇ ਸਿੱਧਾਂਤਾਂ ਨੂੰ ਇੱਕ ਸਾਂਝੀਵਾਲਤਾ ਦੇ ਤੌਰ 'ਤੇ ਪੇਸ਼ ਕੀਤਾ।

# ਛੇਹਰਟਾ ਸਕੂਲ ਵਿਖੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ



ਲੋਪੋਕੇ ਚੁਗਾਵਾਂ 01/ 08/ 25 (ਸਤਵਿੰਦਰ ਸਿੰਘ ਲੋਪੋਕੇ) ਸਕੂਲ ਆਫ ਐਮੀਨੈਂਸ ਛੇਹਰਟਾ ਦੇ ਐਨਸੀਸੀ ਕੈਡੇਟਾਂ ਵੱਲੋਂ ਸ਼ਹੀਦ ਊਧਮ ਸਿੰਘ ਜੀ ਦਾ ਸ਼ਹੀਦੀ ਦਿਨ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਮੀਤ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ ਤੇ ਭਾਸ਼ਣ ਦਿੱਤੇ,ਪੋਸਟਰ ਬਣਾਏ, ਕਵਿਤਾ ਅਤੇ ਗੀਤ ਬੋਲੇ। ਆਪਣੇ ਸੰਬੋਧਨ ਵਿੱਚ ਸ਼੍ਰੀਮਤੀ ਮਨਮੀਤ ਕੌਰ ਨੇ ਦੱਸਿਆ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦ ਊਧਮ ਸਿੰਘ ਜਿਨਾਂ ਦਾ ਜਨਮ ਸੁਨਾਮ ਵਿਖੇ ਹੋਇਆ ਸੀ,ਪਰ ਉਹਨਾਂ ਦੀ ਕਰਮਭੂਮੀ ਅੰਮ੍ਰਿਤਸਰ ਸੀ। ਮਾਂ-ਬਾਪ ਦੀ ਮੌਤ ਤੋਂ ਬਾਅਦ ਉਹਨਾਂ ਨੇ ਸੈਂਟਰਲ ਯਤੀਮਖਾਨਾ ਤੋਂ ਦੱਸਵੀ ਦੀ ਪ੍ਰੀਖਿਆ ਪਾਸ ਕੀਤੀ। ਉਹਨਾਂ ਨੇ 21 ਸਾਲ ਬਾਅਦ ਜਲਿਆਂ ਵਾਲੇ ਬਾਗ ਦਾ ਬਦਲਾ ਸਰ ਮਾਈਕਲ ਐਡਵਾਇਰ ਨੂੰ ਕੈਕਸਟਨ ਹਾਲ ਲੰਡਨ ਵਿਖੇ ਮਾਰ ਕੇ ਲਿਆ। ਇਸ ਮੌਕੇ ਤੇ ਐਨਸੀਸੀ ਅਫਸਰ ਸੁਖਪਾਲ ਸਿੰਘ ਸੰਧੂ,ਲੈਫਟੀਨੈਂਟ ਰਕੇਸ਼ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਆਪਣੇ ਰਾਸ਼ਟਰ ਨਾਲ ਪ੍ਰੇਮ ਕਰਨ ਅਤੇ ਰਾਸ਼ਟਰ ਦੇ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਤ ਕੀਤਾ। ਉਹਨਾਂ ਕਿਹਾ ਕਿ ਸ਼ਹੀਦੀ ਦਿਨ ਮਨਾਉਣਾ ਤਾਂ ਹੀ ਸਫਲ ਹੈ ਜੇਕਰ ਅਸੀਂ ਉਹਨਾਂ ਸ਼ਹੀਦਾਂ ਦੇ ਦੇਸ਼ ਪ੍ਰਤੀ ਕੀਤੇ ਹੋਏ ਕੰਮਾਂ ਨੂੰ ਯਾਦ ਕਰਦਿਆਂ, ਆਪ ਵੀ ਦੇਸ਼ ਦੀ ਉਨੱਤੀ,ਦੇਸ਼ ਤੇ ਵਿਕਾਸ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੇ ਹਾਂ। ਇਸ ਮੌਕੇ ਤੇ ਸ਼੍ਰੀ ਸੁਨੀਲ ਕੁਮਾਰ ਨੇ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਉਹਨਾਂ ਦੱਸਿਆ ਕਿ ਸ਼ਹੀਦ ਊਧਮ ਸਿੰਘ ਦੇ ਪ੍ਰੇਰਨਾ ਸਰੋਤ ਸ਼ਹੀਦੇ ਆਜ਼ਮ ਭਗਤ ਸਿੰਘ ਸਨ। ਜਿਨਾਂ ਦੀ ਇੱਕ ਫੋਟੋ ਹਮੇਸ਼ਾ ਜੇਬ ਵਿੱਚ ਰੱਖਦੇ ਸਨ। ਐਨਸੀਸੀ ਵਿਦਿਆਰਥੀਆਂ ਨੇ ਆਪਣੇ ਸੰਬੋਧਨ ਵਿੱਚ ਸ਼ਹੀਦ ਦੇ ਜੀਵਨ ਤੇ ਚਾਨਣਾ ਪਾਇਆ। ਆਪਣੀਆ ਕਵਿਤਾਵਾਂ ਤੇ ਗੀਤਾ ਰਾਹੀਂ ਸ਼ਹੀਦ ਦੇ ਜੀਵਨ ਨੂੰ ਚਿਤਰਣ ਦਾ ਕੰਮ ਵਿਦਿਆਰਥੀਆਂ ਵੱਲੋਂ ਕੀਤਾ ਗਿਆ। ਸਕੂਲ ਦੇ ਐਨਸੀਸੀ ਵਿਦਿਆਰਥੀਆਂ ਵੱਲੋਂ ਸੈਂਟਰਲ ਯਤੀਮਖਾਨਾ ਪੁਤਲੀਘਰ ਦਾ ਦੌਰਾ ਵੀ ਕੀਤਾ ਗਿਆ। ਉਹਨਾਂ ਨੇ ਸ਼ਹੀਦ ਊਧਮ ਸਿੰਘ ਦੇ ਨਾਲ ਸੰਬੰਧਿਤ ਯਾਦਗਾਰੀ ਚੀਜ਼ਾਂ ਬਾਰੇ ਗਿਆਨ ਪ੍ਰਾਪਤ ਕੀਤਾ। ਇਸ ਮੌਕੇ ਤੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਜੀਤ ਸਿੰਘ ਨਿਜਰ ਨੇ ਸਕੂਲ ਆਫ ਐਮੀਨੈਂਸ ਛੇਹਰਟਾ ਦੇ ਐਨਸੀਸੀ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਤੇ ਲੈਫਟੀਨੈਂਟ ਹਰਮਨਪ੍ਰੀਤ ਸਿੰਘ, ਸੀਟੀਓ ਭਾਵਨਾ ਭਲਾ ਆਦਿ ਐਨਸੀਸੀ ਕੈਡਟ ਹਾਜਰ ਸਨ।

## ਕੇਂਦਰੀ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰਾਣਸੀ ਤੋਂ ਦੇਸ਼ ਦੇ ਕਿਸਾਨਾਂ ਨੂੰ ਕਿਸਾਨ ਸਨਮਾਨ ਨਿਧੀ ਦੀ 20ਵੀਂ ਕਿਸ਼ਤ 02 ਅਗਸਤ ਨੂੰ ਕਿਸਾਨਾਂ ਦੇ ਖਾਤੇ 'ਚ ਪਾਉਣਗੇ

ਨਵੀ ਦਿੱਲੀ/ ਵਾਰਾਣਸੀ, 01 ਅਗਸਤ (ਮਲਕੀਤ ਸਿੰਘ ਭਾਮੀਆਂ ਪ੍ਰੈਸ ਬਿਊਰੋ ਚੀਫ ) :- ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਗ੍ਰਾਮੀਣ ਵਿਕਾਸ ਮੰਤਰੀ ਸ਼੍ਰੀ ਸ਼ਿਵ ਰਾਜ ਸਿੰਘ ਚੌਹਾਨ ਨੇ 02 ਅਗਸਤ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ 20ਵੀਂ ਕਿਸ਼ਤ ਜਾਰੀ ਕਰਨ ਸੰਬੰਧੀ ਇੱਕ ਉੱਚ ਪੱਧਰੀ ਮੀਟਿੰਗ ਕੀਤੀ। ਨਾਲ ਹੀ ਦੇਸ਼ ਭਰ ਦੇ ਕਿਸਾਨਾਂ ਨੂੰ ਵੀ ਇਸ ਸਮਾਗਮ ਵਿੱਚ ਹਿੱਸਾ ਲੈਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਪਿਆਰੇ ਕਿਸਾਨ ਭਰਾਵੋ ਅਤੇ ਭੈਣੋ ਤੁਹਾਡੀ ਸਾਰਿਆਂ ਨੂੰ ਸ਼ੁੱਭਕਾਮਨਾਵਾਂ। ਕਿ ਤੁਹਾਡੀ ਫਸਲ ਵਧੀਆ ਹੋਵੇ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ 02 ਅਗਸਤ ਨੂੰ ਠੀਕ 11:00 ਵਜ੍ਹੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ ਰਾਸ਼ੀ ਦੇਸ਼ ਦੇ ਕਿਸਾਨਾਂ ਦੇ ਖਾਤੇ ਵਿੱਚ ਪਾਉਣਗੇ। ਇਸ ਮੌਕੇ 'ਤੇ ਉਹ ਤੁਹਾਡੇ ਨਾਲ ਜੁੜ ਕੇ ਗੱਲ ਵੀ ਕਰਨਗੇ। ਇਸ ਲਈ ਤੁਹਾਨੂੰ ਸਾਰਿਆਂ ਨੂੰ ਮੇਰੀ ਪ੍ਰਾਰਥਨਾ ਹੈ ਕਿ 02 ਅਗਸਤ ਨੂੰ ਠੀਕ 11:00 ਵਜ੍ਹੇ ਤੁਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਕਿਸੇ ਨਾ ਕਿਸੇ ਪ੍ਰੋਗਰਾਮ ਨਾਲ ਜਰੂਰ ਜੁੜੋ। ਸਮਾਗਮ ਤੁਹਾਡੇ ਪਿੰਡ ਵਿੱਚ ਹੋਵੇ। ਸਾਰੇ ਕ੍ਰਿਸ਼ੀ ਵਿਗਿਆਨ ਕੇਂਦਰਾਂ ( K V k s ) ' ਤੇ ਹੋਵੇਗਾ, ਐਗਰੀਕਲਚਰਲ ਯੂਨਿਵਰਸਿਟੀਆਂ ਵਿੱਚ ਹੋਵੇਗਾ। ਤੁਸੀ ਪਤਾ ਕਰ ਲਓ ਕਿ ਤੁਹਾਡੇ ਸੱਭ ਤੋਂ ਨਜ਼ਦੀਕੀ ਸਮਾਗਮ ਕਿੱਥੇ ਹੈ ਅਤੇ ਉਸ ਸਮਾਗਮ ਨਾਲ ਜਰੂਰ ਜੜੋਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਜਰੂਰ ਸੁਣੋ। ਮੈਂ ਤਾਂ ਸਮਾਗਮ ਵਿੱਚ ਜਾ ਹੀ ਰਿਹਾ ਹਾਂ। ਤੁਹਾਨੂੰ ਤਾਕੀਦ ਹੈ ਕਿ ਤੁਸੀ ਵੀ ਜਰੂਰ ਜਾਓ। ਤੁਹਾਡਾ ਸਾਰਿਆ ਦਾ ਧੰਨਵਾਦ !

## ਕਾਨਪੁਰ ਵਿੱਚ ਕਬਜ਼ੇ ਦੀ ਖੇਡ ਦਾ ਮਤਲਬ ਹੈ ਕਿ ਪਹਿਲਾਂ ਉਹ ਇਸਨੂੰ ਪੂਰਾ ਕਰਦੇ ਹਨ ਅਤੇ ਫਿਰ ਇਸਨੂੰ ਹਟਾਉਂਦੇ ਹਨ, ਇਸ ਲਈ ਗਰੀਬ ਪਰੇਸ਼ਾਨ ਹਨ।

ਸੁਨੀਲ ਬਾਜਪਾਈਕਾਨਪੁਰ। ਕਬਜ਼ਾ, ਭਾਵੇਂ ਕਿਤੇ ਵੀ ਹੋਵੇ ਅਤੇ ਕਿਸੇ ਵੀ ਰੂਪ ਵਿੱਚ ਹੋਵੇ, ਅਮੀਰਾਂ ਦੀ ਮਜਬੂਰੀ ਨਹੀਂ ਸਗੋਂ ਗਰੀਬਾਂ ਦੀ ਮਜਬੂਰੀ ਹੈ, ਜੋ ਅਜੇ ਵੀ ਭੋਜਨ, ਕੱਪੜੇ ਅਤੇ ਰਿਹਾਇਸ਼ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਕਾਨਪੁਰ ਵੀ ਅਜਿਹੇ ਕਬਜ਼ੇ ਨਾਲ ਭਰਿਆ ਹੋਇਆ ਹੈ। ਇਸ ਕਬਜ਼ੇ ਦਾ ਖੇਡ ਵੀ ਘੱਟ ਦਿਲਚਸਪ ਨਹੀਂ ਹੈ। ਇਸਨੂੰ ਪਹਿਲਾਂ ਰਿਸ਼ਵਤ ਲੈ ਕੇ ਲਗਾਇਆ ਜਾਂਦਾ ਹੈ ਅਤੇ ਫਿਰ ਕੁਰਸੀ ਬਚਾਉਣ ਲਈ ਹਟਾਇਆ ਜਾਂਦਾ ਹੈ, ਜਿਸ ਕਾਰਨ ਮੱਧ ਵਰਗ ਦੇ ਗਰੀਬ ਲੋਕ ਸਭ ਤੋਂ ਵੱਧ ਨਿਰਾਸ਼, ਨਿਰਾਸ਼ ਅਤੇ ਪਰੇਸ਼ਾਨ ਹਨ। ਅੱਜ ਸ਼ੁੱਕਰਵਾਰ ਨੂੰ ਵੀ ਕੁਝ ਅਜਿਹਾ ਹੀ ਹੁੰਦਾ ਦੇਖਿਆ ਗਿਆ। ਅੱਜ ਇੱਥੇ ਕਈ ਇਲਾਕਿਆਂ ਵਿੱਚ ਕਬਜ਼ਾ ਹਟਾਇਆ ਗਿਆ, ਇਸ ਤੋਂ ਪ੍ਰਭਾਵਿਤ ਲੋਕਾਂ ਵਿੱਚ ਮੱਧ ਵਰਗ ਦੇ ਗਰੀਬ ਲੋਕਾਂ ਦੀ ਗਿਣਤੀ ਵੀ ਜ਼ਿਆਦਾ ਹੈ, ਜੋ ਛੋਟੀਆਂ ਦੁਕਾਨਾਂ ਆਦਿ ਲਗਾ ਕੇ ਆਪਣੇ ਪਰਿਵਾਰ ਚਲਾਉਂਦੇ ਹਨ।

ਨਗਰ ਨਿਗਮ ਨੇ ਪੁਲਿਸ ਨਾਲ ਮਿਲ ਕੇ ਕਈ ਇਲਾਕਿਆਂ ਵਿੱਚ ਕਬਜ਼ਿਆਂ ਵਿਰੁੱਧ ਮੁਹਿੰਮ ਚਲਾਈ। ਇਸ ਵਿੱਚ ਕਈ ਸੜਕਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਗਏ। ਇਸ ਦੌਰਾਨ ਨਗਰ ਨਿਗਮ ਦੇ ਬੁਲਡੋਜ਼ਰ ਅਤੇ ਹੋਰ ਵਾਹਨਾਂ ਦੇ ਆਉਣ ਤੋਂ ਪਹਿਲਾਂ ਹੀ ਦੁਕਾਨਦਾਰਾਂ ਨੇ ਆਪਣਾ ਸਾਮਾਨ ਅਤੇ ਕਾਊਂਟਰ ਅੰਦਰ ਰੱਖ ਲਏ ਸਨ। ਇਸ ਮੁਹਿੰਮ ਤਹਿਤ ਵੱਡਾ ਚੌਰਾਹਾ ਤੋਂ ਕਚਹਰੀ, ਹਰਜੇਂਦਰ ਨਗਰ ਤੋਂ ਲਾਲ ਬੰਗਲਾ, ਕਿਦਵਈ ਨਗਰ ਚੌਰਾਹਾ ਤੋਂ ਸ਼ਨੀ ਮੰਦਰ, ਕੰਪਨੀ ਬਾਗ ਤੋਂ ਕਰਬਲਾ, ਵੀਰੇਂਦਰ ਸਵਰੂਪ ਸਕੂਲ (ਗੋਵਿੰਦ ਨਗਰ), ਗੋਲ ਚੌਰਾਹਾ ਤੋਂ ਗੀਤਾ ਨਗਰ ਕਰਾਸਿੰਗ ਆਦਿ ਇਲਾਕਿਆਂ ਵਿੱਚ ਕਾਰਵਾਈ ਕੀਤੀ ਗਈ। ਸਥਾਨਕ ਲੋਕਾਂ ਨੇ ਵੀ ਨਗਰ ਨਿਗਮ ਦੀ ਇਸ ਕਾਰਵਾਈ 'ਤੇ ਗੁੱਸਾ ਦਿਖਾਇਆ।

## ਸਰਕਾਰੀ ਹਸਪਤਾਲਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਲਈ ਹਾਟਲਾਈਨ ਸਰਵਿਸ ਨਾਲ ਜੋੜਿਆ ਜਾਵੇਗਾ-ਸਿਹਤ ਮੰਤਰੀ ਡਾ. ਬਲਬੀਰ ਸਿੰਘ



ਤਰਨ ਤਾਰਨ, 01 ਅਗਸਤ (ਪਰਗਟ ਸਿੰਘ ਸਿੱਧਵਾਂ) ਸੂਬੇ ਦੇ ਵਿੱਚ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਣ ਦੇ ਮੰਤਵ ਨਾਲ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ੁਕਰਵਾਰ ਨੂੰ ਸਿਵਲ ਹਸਪਤਾਲ ਤਰਨ ਤਾਰਨ ਦਾ ਵਿਸ਼ੇਸ਼ ਦੌਰਾ ਕੀਤਾ।

ਇਸ ਮੌਕੇ ਉਹਨਾਂ ਦੇ ਨਾਲ ਐਮਐਲਏ ਖਡੂਰ ਸਾਹਿਬ ਸ੍ਰੀ ਮਨਜਿੰਦਰ ਸਿੰਘ ਲਾਲਪੁਰਾ, ਜ਼ਿਲਾ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ, ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਤਰਨ ਤਾਰਨ ਦੇ ਨਵ-ਨਿਯੁਕਤ ਹਲਕਾ ਇੰਚਾਰਜ ਸ੍ਰੀ ਹਰਮੀਤ ਸਿੰਘ ਸੰਧੂ ਮੌਜੂਦ ਰਹੇ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਕਿਹਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਹੀ ਜਿਲਾ ਹਸਪਤਾਲਾਂ, ਸਬ ਡਵੀਜ਼ਨ ਹਸਪਤਾਲਾਂ ਅਤੇ ਸਾਰੇ ਸਰਕਾਰੀ ਹਸਪਤਾਲਾਂ ਵਿਖੇ ਨਿਰਵਿਘਨ ਬਿਜਲੀ ਪਹੁੰਚਾਉਣ ਲਈ ਹਾਟਲਾਈਨ ਸਰਵਿਸ ਨਾਲ ਜੋੜਿਆ ਜਾਵੇਗਾ ਤਾਂ ਜੋ ਹਸਪਤਾਲਾਂ 'ਚ ਇਲਾਜ ਅਧੀਨ ਨਾਗਰਿਕਾਂ, ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਪੇਸ਼ ਆਵੇ।

ਉਹਨਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਦੇ ਮੁਖੀ ਵੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਉਹਨਾਂ ਦੀਆਂ ਸੰਸਥਾਵਾਂ ਵਿਖੇ ਜਰਨੇਟਰ ਅਤੇ ਯੂਪੀਐਸ ਸੇਵਾ ਵੀ ਹਰ ਸਮੇਂ ਮੌਜੂਦ ਰਹੇ।

ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਤਾਰਨ ਤਾਰਨ ਵਿਖੇ ਸਥਾਪਿਤ ਆਕਸੀਜਨ ਪਲਾਂਟ ਦਾ ਵਿਸ਼ੇਸ਼ ਦੌਰਾ ਕੀਤਾ ਅਤੇ ਉਨਾਂ ਵੱਲੋਂ ਅਧਿਕਾਰੀਆਂ ਨੂੰ ਹਦਾਇਤ ਜਾਰੀ ਕੀਤੀ ਗਈ ਕਿ ਆਕਸੀਜਨ ਪਲਾਂਟ ਦੇ ਨਾਲ ਨਾਲ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਹੀ ਸਹੂਲਤਾਂ ਨੂੰ ਸਮੇਂ ਸਮੇਂ ਸਿਰ ਵਾਚਿਆ ਜਾਵੇ ਤਾਂ ਜੋ ਨਾਗਰਿਕਾਂ ਨੂੰ ਨਿਰਵਿਘਨ ਸਹੀ ਢੰਗ ਨਾਲ ਸਿਹਤ ਸਹੂਲਤਾਂ ਮੁਹਈਆ ਕਰਵਾਈਆ ਜਾ ਸਕਣ।

ਸਿਹਤ ਮੰਤਰੀ ਨੇ ਆਕਸੀਜਨ ਪਲਾਂਟ ਤੋਂ ਇਲਾਵਾ ਸਿਵਲ ਹਸਪਤਾਲ ਵਿਖੇ ਐਮਰਜੈਂਸੀ ਵਾਰਡ ਦਾ ਵੀ ਦੌਰਾ ਕੀਤਾ, ਜਿੱਥੇ ਉਨਾਂ ਵੱਲੋਂ ਇਲਾਜ ਅਧੀਨ ਮਰੀਜ਼ਾਂ ਅਤੇ ਉਨਾਂ ਦੇ ਪਰਿਵਾਰਿਕ ਮੈਂਬਰਾਂ ਨਾਲ ਵਿਸ਼ੇਸ਼ ਗੱਲਬਾਤ ਕੀਤੀ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵਾਲੀ ਪੰਜਾਬ ਸਰਕਾਰ ਨਾਗਰਿਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਆਉਂਦੇ ਦਿਨਾਂ ਵਿੱਚ ਸੂਬਾ ਸਰਕਾਰ ਵੱਲੋਂ ਸਿਹਤ ਕ੍ਰਾਂਤੀ ਤਹਿਤ ਕਈ ਤਰ੍ਹਾਂ ਦੇ ਵੱਡੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ।

ਉਹਨਾਂ ਕਿਹਾ ਕਿ ਸ਼ਹਿਰਾਂ ਅਤੇ ਪਿੰਡਾਂ ਦੇ ਵਿੱਚ ਸਥਾਪਿਤ ਕੀਤੇ ਗਏ ਆਮ ਆਦਮੀ ਕਲੀਨਿਕਾਂ ਵਿੱਚ ਨਵੀਆਂ ਸਿਹਤ ਸਹੂਲਤਾਂ ਨੂੰ ਜੋੜਿਆ ਗਿਆ ਹੈ, ਜਿਨਾਂ ਵਿੱਚ ਪ੍ਰਮੁੱਖ ਤੌਰ ਤੇ ਗੈਰ ਸੰਚਾਰੀ ਰੋਗਾਂ ਦਾ ਇਲਾਜ, ਗਰਭਵਤੀ ਮਹਿਲਾਵਾਂ ਨੂੰ ਸਿਹਤ ਸਹੂਲਤਾਂ ਅਤੇ ਕਿਸੇ ਵੀ ਜਾਨਵਰ ਤੇ ਕੱਟੇ ਜਾਣ ਤੇ ਐਂਟੀ ਰੇਬੀਜ਼ ਟੀਕਾਕਰਨ ਨੂੰ ਸ਼ੁਰੂ ਕੀਤਾ ਗਿਆ ਹੈ।

ਉਹਨਾਂ ਕਿਹਾ ਕਿ ਨਾਗਰਿਕਾਂ ਨੂੰ ਸਿਹਤ ਸਹੂਲਤਾਂ ਮੁਹਈਆ ਕਰਵਾਉਣ ਦੇ ਵਿੱਚ ਕਿਸੇ ਤਰ੍ਹਾਂ ਦੀ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਸਿਹਤ ਸੰਸਥਾਵਾਂ ਦੇ ਮੁਖੀ ਆਪਣੇ ਆਪਣੇ ਕੇਂਦਰਾਂ ਉੱਤੇ ਸਾਰੀਆਂ ਹੀ ਸਿਹਤ ਸਹੂਲਤਾਂ ਦਾ ਮੁਆਇਨਾ ਨਿਰੰਤਰ ਕਰਨ ਤਾਂ ਜੋ ਨਾਗਰਿਕਾਂ ਨੂੰ ਇਲਾਜ ਦੌਰਾਨ ਕੋਈ ਵੀ ਸਮੱਸਿਆ ਨਾ ਪੇਸ਼ ਆਵੇ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦਾ ਮਾਸ ਮੀਡੀਆ ਵਿੰਗ ਵੱਲੋਂ ਚਲਾਏ ਜਾ ਰਹੇ ਸਿਹਤ ਪ੍ਰੋਗਰਾਮਾਂ ਦਾ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕਰਨ ਤਾਂ ਜੋ ਨਾਗਰਿਕਾਂ ਨੂੰ ਇਹਨਾਂ ਦਾ ਲਾਭ ਮਿਲ ਸਕੇ।

ਇਸ ਤੋਂ ਇਲਾਵਾ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨੇ ਸੂਬਾ ਸਰਕਾਰ ਵੱਲੋਂ ਚਲਾਏ ਜਾ ਰਹੇ 'ਹਰ ਸ਼ੁਕਰਵਾਰ ਡੇਂਗੂ 'ਤੇ ਵਾਰ' ਪ੍ਰੋਗਰਾਮ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਤੋਂ ਇਲਾਵਾ ਸਮਾਜ ਦਾ ਹਰ ਇੱਕ ਵਰਗ ਅਤੇ ਸਰਕਾਰੀ ਵਿਭਾਗ ਡੇਂਗੂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੇ ਵਿੱਚ ਆਪਣਾ ਅਹਿਮ ਯੋਗਦਾਨ ਪਾਉਣ। ਉਹਨਾਂ ਕਿਹਾ ਕਿ ਹਰ ਇੱਕ ਵਿਅਕਤੀ ਆਪਣੇ ਘਰ ਅਤੇ ਆਲੇ ਦੁਆਲੇ ਦੀ ਸਫਾਈ ਪ੍ਰਤੀ ਬਣਦੀ ਜ਼ਿੰਮੇਵਾਰੀ ਨੂੰ ਨਿਭਾਏ।

ਇਸ ਮੌਕੇ ਜਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ, ਜ਼ਿਲਾ ਸਿਹਤ ਅਫਸਰ ਡਾਕਟਰ ਸੁਖਬੀਰ ਕੌਰ, ਸਰਕਾਰੀ ਹਸਪਤਾਲ ਦੇ ਐਸਐਮਓ ਡਾਕਟਰ ਸਰਬਜੀਤ ਸਿੰਘ ਆਦਿ ਮੌਜੂਦ

## ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਅਧੀਨ ਪਿੰਡ ਗੋਹ ਵਿੱਚ ਲਗਾਇਆ ਗਿਆ ਕੈਂਪ
### ਚੇਅਰਮੈਨ ਜਗਤਾਰ ਸਿੰਘ ਗਿੱਲ ਅਤੇ ਐਸ.ਡੀ.ਐਮ. ਡਾ. ਬਲਜਿੰਦਰ ਸਿੰਘ ਢਿੱਲੋਂ ਵੱਲੋਂ ਕੈਂਪ ਦਾ ਕੀਤਾ ਉਦਘਾਟਨ



ਖੰਨਾਂ, 1 ਅਗੱਸਤ (ਅਰਵਿੰਦਰ ਸਿੰਘ ਸਵੈਚ, ਗੀਤਾ ਰਾਣੀ)ਲੋਕ ਭਲਾਈ ਸਕੀਮਾਂ ਦਾ ਲਾਭ ਘਰ-ਘਰ ਪਹੁੰਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਧਾਨ ਸਭਾ ਹਲਕਾ ਖੰਨਾਂ ਅਧੀਨ ਪੈਂਦੇ ਪਿੰਡ ਗੋਹ ਵਿੱਚ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਤਹਿਤ ਕੈਂਪ ਲਗਾਇਆ ਗਿਆ।

ਕੈਂਪ ਦਾ ਉਦਘਾਟਨ ਚੇਅਰਮੈਨ ਮਾਰਕੀਟ ਕਮੇਟੀ ਖੰਨਾਂ ਜਗਤਾਰ ਸਿੰਘ ਗਿੱਲ ਰਤਨਹੇੜੀ ਅਤੇ ਉਪ ਮੰਡਲ ਮੈਜਿਸਟ੍ਰੇਟ ਖੰਨਾਂ ਡਾ. ਬਲਜਿੰਦਰ ਸਿੰਘ ਢਿੱਲੋਂ ਨੇ ਕੀਤਾ। ਉਨ੍ਹਾਂ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਮੌਕੇ 'ਤੇ ਹੀ ਉਨ੍ਹਾਂ ਦਾ ਹੱਲ ਕੀਤਾ ਗਿਆ।

ਕੈਂਪ ਵਿੱਚ ਕਈ ਵਿਅਕਤੀਆਂ ਨੇ ਵੱਖ-ਵੱਖ ਤਰ੍ਹਾਂ ਦੀਆਂ ਪੈਨਸ਼ਨਾਂ, ਸੀਨੀਅਰ ਸਿਟੀਜ਼ਨ ਕਾਰਡ, ਅਨੁਸੂਚਿਤ ਜਾਤੀ ਸਰਟੀਫਿਕੇਟ, ਆਧਾਰ ਅਪਡੇਟ ਅਤੇ ਹੋਰ ਸਬੰਧਿਤ ਸੇਵਾਵਾਂ ਪ੍ਰਾਪਤ ਕੀਤੀਆਂ।

ਚੇਅਰਮੈਨ ਜਗਤਾਰ ਸਿੰਘ ਗਿੱਲ ਰਤਨਹੇੜੀ ਨੇ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਲੋਕਾਂ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਈ ਲੋਕ ਭਲਾਈ ਸਭ ਤੋਂ ਵੱਡੀ ਤਰਜੀਹ ਹੈ। ਚੇਅਰਮੈਨ ਨੇ ਆਮ ਆਦਮੀ ਕਲੀਨਿਕ, ਮੁਫਤ ਬਿਜਲੀ ਅਤੇ ਪੈਨਸ਼ਨ ਵਰਗੇ ਪ੍ਰੋਗਰਾਮਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਨੂੰ ਇੱਕ ਗੇਮ-ਚੇਂਜਰ ਕਰਾਰ ਦਿੱਤਾ ਜਿਸਦੇ ਤਹਿਤ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਪ੍ਰਸ਼ਾਸ਼ਕੀ ਸੇਵਾਵਾਂ ਮਿਲ ਰਹੀਆਂ ਹਨ।

ਇਸ ਦੌਰਾਨ ਉਪ ਮੰਡਲ ਮੈਜਿਸਟਰੇਟ ਖੰਨਾਂ ਡਾ. ਬਲਜਿੰਦਰ ਸਿੰਘ ਢਿੱਲੋਂ ਨੇ ਸਰਕਾਰੀ ਸੇਵਾਵਾਂ ਅਤੇ ਸਕੀਮਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣਾ ਯਕੀਨੀ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਉਣ ਲਈ ਸੂਬਾ ਸਰਕਾਰ ਦੇ ਯਤਨਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਕਿ ਸਾਰੇ ਯੋਗ ਲਾਭਪਾਤਰੀਆਂ ਨੂੰ ਸਰਕਾਰੀ ਸਮਾਜ ਭਲਾਈ ਸਕੀਮਾਂ ਦਾ ਲਾਭ ਮਿਲੇ ਅਤੇ ਅਜਿਹੇ ਕੈਂਪਾਂ ਵਿੱਚ ਸਾਰੀਆਂ ਸਰਕਾਰੀ ਭਲਾਈ ਸਕੀਮਾਂ ਦੀ ਪੂਰੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਸਰਕਾਰ ਤੁਹਾਡੇ ਦੁਆਰ ਦੇ ਹਿੱਸੇ ਵਜੋਂ ਅਜਿਹੇ ਹੋਰ ਕੈਂਪ ਲਗਾਏ ਜਾਣਗੇ।ਵੱਖ-ਵੱਖ ਸਰਕਾਰੀ ਵਿਭਾਗਾਂ ਦੁਆਰਾ ਸਥਾਪਿਤ ਹਰੇਕ ਡੈਸਕ ਦਾ ਦੌਰਾ ਕਰਦੇ ਹੋਏ ਚੇਅਰਮੈਨ ਅਤੇ ਐਸ.ਡੀ.ਐਮ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਨਾਗਰਿਕਾਂ ਨੂੰ ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਭਲਾਈ ਸਕੀਮਾਂ ਬਾਰੇ ਸਰਗਰਮੀ ਨਾਲ ਜਾਣਕਾਰੀ ਦੇਣ ਜਿਸ ਨਾਲ ਵਸਨੀਕ ਉਪਲਬਧ ਲਾਭਾਂ ਦਾ ਪੂਰੀ ਤਰ੍ਹਾਂ ਲਾਭ ਉਠਾ ਸਕਣ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕੈਂਪ ਹੁਣ ਨਾਗਰਿਕਾਂ ਦੀ ਸਹੂਲਤ ਨੂੰ ਵਧਾਉਣ ਲਈ ਨਿਯਮਿਤ ਤੌਰ 'ਤੇ ਆਯੋਜਿਤ ਕੀਤੇ ਜਾਣਗੇ, ਜੋ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਸਰਕਾਰੀ ਸੇਵਾਵਾਂ ਅਤੇ ਯੋਜਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦੇ ਹਨ।

ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਚੇਅਰਮੈਨ ਅਤੇ ਐਸ.ਡੀ.ਐਮ ਨੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਅਤੇ ਮਨਜ਼ੂਰੀ ਪੱਤਰ ਵੀ ਸੌਂਪੇ। ਕੈਂਪ ਦੌਰਾਨ ਸੇਵਾਵਾਂ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਨੇ ਆਪਣੇ ਪਿੰਡ ਵਿੱਚ ਅਜਿਹੀ ਪਹਿਲਕਦਮੀ ਲਿਆਉਣ ਲਈ ਸਰਕਾਰ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਕੈਂਪ ਰਾਹੀਂ ਭਾਈਚਾਰਕ ਭਲਾਈ ਨੂੰ ਤਰਜੀਹ ਦੇਣ ਦੇ ਪ੍ਰਸ਼ਾਸਨ ਦੇ ਯਤਨਾਂ ਦੀ ਪ੍ਰਸ਼ੰਸਾ ਕਰਦੇ ਹੋਏ ਮਹੱਤਵਪੂਰਨ ਸੇਵਾਵਾਂ ਤੱਕ ਨਿਰਵਿਘਨ ਪਹੁੰਚ ਕਰਨ ਦੇ ਮੌਕੇ ਦੀ ਸ਼ਲਾਘਾ ਕੀਤੀ।

ਇਸ ਮੌਕੇ ਆਪ ਦੇ ਹਲਕਾ ਸਗੰਠਨ ਦੇ ਇੰਚਾਰਜ ਮਾਸਟਰ ਅਵਤਾਰ ਸਿੰਘ ਦਹਿੜੂ, ਬੀ.ਡੀ.ਪੀ.ਓ ਗੁਰਪ੍ਰੀਤ ਸਿੰਘ, ਪੰਚਾਇਤ ਅਫ਼ਸਰ ਕੁਲਦੀਪ ਸਿੰਘ, ਜਸਵੀਰ ਸਿੰਘ, ਮਲਕੀਤ ਸਿੰਘ ਮੀਤਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/

## ਸਾਨੂੰ ਸਾਡੀਆਂ ਧੀਆਂ ਤੇ ਮਾਣ ਹੈ- ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਭੁੱਚਰ





ਮਾਨਸਾ, 01 ਅਗਸਤ:- (ਗੁਰਪ੍ਰੀਤ ਧਾਲੀਵਾਲ) ਕੁੜੀਆਂ ਹੁਣ ਕਿਸੇ ਤੋਂ ਘੱਟ ਨਹੀਂ ਹਨ। ਕੁੜੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ। ਆਮ ਆਦਮੀ ਪਾਰਟੀ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਭੁੱਚਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਂ-ਪਿਉ ਦੀ ਗਰੀਬੀ ਰਾਹ ਵਿੱਚ ਆ ਸਕਦੀ ਸੀ, ਪਰ ਹੌਂਸਲੇ ਦੇ ਰੱਬ ਅੱਗੇ ਰੁਕਾਵਟਾਂ ਵੀ ਥੱਕ ਜਾਂਦੀਆਂ ਨੇ। ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਸ਼ਹਿਰ ਦੀਆਂ ਤਿੰਨ ਭੈਣਾਂ ਨੇ ਘਰ ਦੀਆਂ ਕੰਧਾਂ ਵਿੱਚ ਹੀ ਆਪਣਾ ਭਵਿੱਖ ਗੜ੍ਹ ਲਿਆ। ਲਗਾਤਾਰ ਆਪਣੀਂ ਮਿਹਨਤ ਸਦਕਾ ਬਿਨ੍ਹਾਂ ਕਿਸੇ ਕੋਚਿੰਗ ਦੇ, ਬਿਨ੍ਹਾਂ ਕਿਸੇ ਫ਼ੈਂਸੀ ਨੋਟਸ ਜਾਂ ਟਿਊਸ਼ਨ ਦੇ, ਸਿਰਫ਼ ਆਪਣੀ ਮਿਹਨਤ ਅਤੇ ਵਿਸ਼ਵਾਸ ਨਾਲ UGC NET ਕਲੀਅਰ ਕਰ ਲਿਆ।

ਜਿੱਥੇ ਲੋਕ ਕਹਿੰਦੇ ਨੇ ਕਿ ਪੈਸੇ ਦੇ ਬਿਨ੍ਹਾਂ ਕੁੱਝ ਨਹੀਂ ਹੋ ਸਕਦਾ। ਉੱਥੇ ਇਹ ਤਿੰਨ ਭੈਣਾਂ ਨੇ ਸਾਬਤ ਕਰ ਦਿੱਤਾ ਕਿ ਜੇ ਨਿੱਤ ਦੀ ਰੋਟੀ ਵੀ ਮੁਸ਼ਕਿਲ ਹੋਵੇ ਤਾਂ ਵੀ ਮਨ ਲਾਅ ਕੇ ਪੜ੍ਹਾਈ ਕੀਤੀ ਜਾਵੇ ਤਾਂ ਮੰਜਿਲਾਂ ਅਸੰਭਵ ਨਹੀਂ ਹੁੰਦੀਆਂ।

ਇਸੇ ਤਰ੍ਹਾਂ ਬੁਢਲਾਡਾ ਦੇ ਪਿੰਡ ਮੰਢਾਲੀ ਦੀ ਪ੍ਰਨੀਤ ਕੌਰ ਨੇ ਲਗਾਤਾਰ ਆਪਣੀਂ ਮਿਹਨਤ ਸਦਕਾ ਵਿਸ਼ਵ ਯੂਨੀਵਰਸਿਟੀ ਖੇਡਾਂ ਵਿੱਚ 1 ਗੋਲਡ, 1 ਸਿਲਵਰ ਅਤੇ 1 ਕਾਂਸੀ ਦਾ ਤਗਮਾ ਭਾਰਤ ਦੇ ਨਾਂਅ ਜਿੱਤ ਕੇ ਮਾਨਸਾ ਜ਼ਿਲ੍ਹੇ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਹ ਸਿਰਫ਼ ਇੱਕ ਜਿੱਤ ਨਹੀਂ ਹੈ ਸਗੋਂ ਇਹ ਪੰਜਾਬ ਦੀਆਂ ਧੀਆਂ ਲਈ ਸਾਰੇ ਪਿੰਡਾਂ, ਬਸਤੀਆਂ, ਤੇ ਘਰਾਂ ਲਈ ਪੈਗਾਮ ਹੈ ਕਿ ਜਿੱਥੇ ਮਿਹਨਤ ਹੋਵੇ, ਉੱਥੇ ਕਿਸਮਤ ਨੂੰ ਵੀ ਝੁੱਕਣਾ ਪੈਂਦਾ ਹੈ।

ਪਿੱਛਲੇ ਲੰਬੇ ਸਮੇਂ ਤੋਂ ਤੀਰਅੰਦਾਜ਼ੀ ਵਿੱਚ ਦੇਸ਼ ਦਾ ਨਾਂਅ ਰੋਸ਼ਨ ਕਰਨ ਵਾਲੀ ਪ੍ਰਨੀਤ ਕੌਰ ਮੰਢਾਲੀ ਨੇ ਇੱਕ ਵਾਰ ਫਿਰ ਤੋਂ ਜਰਮਨ ਵਿਖੇ ਵਿਸ਼ਵ ਯੂਨੀਵਰਸਿਟੀ ਖੇਡਾਂ 2025 ਚ 3 ਮੈਡਲ ਜਿੱਤ ਕੇ ਭਾਰਤ, ਪੰਜਾਬ ਅਤੇ ਜ਼ਿਲ੍ਹਾ ਮਾਨਸਾ ਦਾ ਨਾਂਅ ਰੋਸ਼ਨ ਕੀਤਾ ਹੈ। ਮੈਂ ਉਨ੍ਹਾਂ ਦੇ ਪਿਤਾ ਅਵਤਾਰ ਸਿੰਘ, ਪਿੰਡ ਵਾਸੀਆਂ ਕੋਚ ਸੁਰਿੰਦਰ ਸਿੰਘ ਰੰਧਾਵਾ ਨੂੰ ਵਧਾਈਆਂ ਦਿੰਦਾ ਹਾਂ ਕਿਉਂਕਿ ਇਨ੍ਹਾਂ ਪ੍ਰਾਪਤੀਆਂ ਦੇ ਪਿੱਛੇ ਕੋਚ ਸੁਰਿੰਦਰ ਸਿੰਘ ਰੰਧਾਵਾ ਦੀ ਸਖ਼ਤ ਮਿਹਨਤ ਵੀ ਹੈ ਜਿਸ ਕਰਕੇ ਪ੍ਰਨੀਤ ਕੌਰ ਆਪਣੀ ਖੇਡ ਦਾ ਪ੍ਰਦਰਸ਼ਨ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੀਆਂ ਲੜਕੀਆਂ ਕਿਸੇ ਤੋਂ ਘੱਟ ਨਹੀਂ ਹਨ ਜਿਸ ਦੀ ਮਿਸਾਲ ਪ੍ਰਨੀਤ ਕੌਰ ਹੈ। ਬੁਢਲਾਡਾ ਹਲਕੇ ਦੇ ਪਿੰਡ ਮੰਢਾਲੀ ਦੀ ਰਹਿਣ ਵਾਲੀ ਪ੍ਰਨੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਵਿਦੇਸ਼ ਦੀ ਧਰਤੀ ਤੇ ਵੀ ਮਾਨਸਾ ਜ਼ਿਲ੍ਹੇ ਦਾ ਨਾਂਅ ਰੋਸ਼ਨ ਕੀਤਾ ਹੈ। ਜਿਸ ਨੇ ਵਿਸ਼ਵ ਯੂਨੀਵਰਸਿਟੀ ਖੇਡਾਂ ਚ 1 ਗੋਲਡ, 1 ਸਿਲਵਰ ਅਤੇ 1 ਕਾਂਸੀ ਦਾ ਤਗਮਾ ਦੇਸ਼ ਦੇ ਨਾਂਅ ਜਿੱਤ ਕੇ ਝੋਲੀ ਪਾਇਆ ਹੈ। ਅੱਜ ਸਾਨੂੰ ਸਾਡੀਆਂ ਧੀਆਂ ਤੇ ਮਾਣ ਹੈ।

## ਬਾਬਾ ਜਾਗੋ ਸ਼ਹੀਦ ਸਕੂਲ ਕੋਹਾਲੀ ਵਿੱਚ ਬੂਟੇ ਲਗਾਏ



ਲੋਪੋਕੇ ਚੁਗਾਵਾਂ, 1 ਅਗਸਤ ( ਸਤਵਿੰਦਰ ਸਿੰਘ ਲੋਪੋਕੇ) ਬਾਬਾ ਜਾਗੋ ਸ਼ਹੀਦ ਆਦਰਸ਼ ਸਕੂਲ ਕੋਹਾਲੀ ਵਿਖੇ ਪ੍ਰਿੰਸੀਪਲ ਅਮਨਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਬਲਜੀਤ ਕੌਰ ਅਤੇ ਰਜਨੀ ਸ਼ਰਮਾ ਦੀ ਅਗਵਾਈ ਹੇਠ ਸਕੂਲ ਵਿੱਚ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਮੌਨਸੂਨ ਰੁੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਪੌਦੇ ਲਗਾਏ ਗਏ। ਇਸ ਮੌਕੇ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਅਮਨਪ੍ਰੀਤ ਕੌਰ ਨੇ ਬੱਚਿਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਜਨਮ ਤੋਂ ਲੈ ਕੇ ਬੰਦੇ ਦੇ ਆਖਰੀ ਸਮੇਂ ਤੱਕ ਰੁੱਖਾਂ ਦੀ ਮਨੁੱਖ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਤਾ ਹੈ। ਵਾਤਾਵਰਨ ਦੀ ਸ਼ੁੱਧਤਾ ਵਾਸਤੇ ਉਨ੍ਹਾਂ ਹਰ ਮਨੁੱਖ ਨੂੰ ਵੱਧ ਤੋਂ ਵੱਧ ਰੁੱਖ ਲਾਉਣ ਦੀ ਲੋੜ ਤੇ ਜ਼ੋਰ ਦਿੱਤਾ।

## ਪੰਜਾਬ ਦੇ ਸੁਨਹਿਰੀ ਭਵਿੱਖ ਜਵਾਨੀ ਨੂੰ ਬਚਾਉਣ ਦਾ ਇਤਿਹਾਸਕ ਫੈਸਲਾ
### ਸਕੂਲ ਸਿਲੇਬਸ 'ਚ ਨਸ਼ਿਆਂ ਵਿਰੁੱਧ ਵਿਸ਼ਾ ਸ਼ਾਮਿਲ ਕਰਨਾ ਪੰਜਾਬ ਸਰਕਾਰ ਦੀ ਵੱਡਮੁੱਲੀ ਪਹਿਲ:ਵਿਧਾਇਕ ਗੁਰਲਾਲ ਘਨੌਰ



ਪਟਿਆਲਾ/ਘਨੌਰ,01 ਅਗਸਤ (ਹਿਮਾਂਸ਼ੂ ਹੈਰੀ):ਪੰਜਾਬ ਸਰਕਾਰ ਵੱਲੋਂ ਸਕੂਲਾਂ ਦੇ ਸਿਲੇਬਸ 'ਚ ਨਸ਼ਿਆਂ ਵਿਰੁੱਧ ਵਿਸ਼ਾ ਸ਼ਾਮਿਲ ਕਰਨਾ ਇੱਕ ਇਤਿਹਾਸਕ ਅਤੇ ਦੂਰਅੰਦੇਸ਼ੀ ਭਰਿਆ ਕਦਮ ਹੈ, ਜਿਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਇਆ ਜਾ ਸਕੇਗਾ। ਇਹ ਗੱਲ ਹਲਕਾ ਘਨੌਰ ਤੋਂ ਵਿਧਾਇਕ ਅਤੇ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਲਾਲ ਘਨੌਰ ਨੇ ਆਪਣੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੀ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਸੂਬਾ ਇੰਚਾਰਜ ਸ੍ਰੀ ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਵੱਲੋਂ ਲਿਆ ਗਿਆ ਇਹ ਫੈਸਲਾ ਪੰਜਾਬ ਅਤੇ ਪੰਜਾਬੀਅਤ ਦੀ ਹੋਂਦ ਨੂੰ ਬਚਾਉਣ ਵੱਲ ਇੱਕ ਵੱਡਾ ਕਦਮ ਹੈ, ਜਿਸ ਦੀ ਸਾਰੇ ਸੂਬੇ ਵਿਚ ਹਰ ਵਰਗ ਵੱਲੋਂ ਪ੍ਰਸ਼ੰਸਾ ਕੀਤੀ ਜਾ ਰਹੀ ਹੈ।ਵਿਧਾਇਕ ਗੁਰਲਾਲ ਘਨੌਰ ਵੱਲੋਂ ਹਲਕਾ ਵਾਸੀਆਂ ਦੀਆ ਵੱਖ-ਵੱਖ ਸਮੱਸਿਆਵਾਂ ਨੂੰ ਧਿਆਨ ਨਾਲ ਸੁਣ ਕੇ, ਉਨ੍ਹਾਂ ਦੇ ਤੁਰੰਤ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ "ਨਸ਼ਿਆਂ ਵਿਰੁੱਧ ਯੁੱਧ" ਪੰਜਾਬ ਸਰਕਾਰ ਦੀ ਇੱਕ ਸਾਂਝੀ ਮੁਹਿੰਮ ਬਣ ਚੁੱਕੀ ਹੈ, ਜਿਸ ਵਿੱਚ ਲੋਕਾਂ ਨੇ ਆਪਣੇ ਪੱਧਰ 'ਤੇ ਭਰਪੂਰ ਸਹਿਯੋਗ ਦਿੱਤਾ ਹੈ।ਵਿਧਾਇਕ ਗੁਰਲਾਲ ਘਨੌਰ ਨੇ ਵਿਸ਼ਵਾਸ ਜ਼ਾਹਿਰ ਕੀਤਾ ਕਿ ਸਿਲੇਬਸ 'ਚ ਨਸ਼ਿਆਂ ਖ਼ਿਲਾਫ਼ ਪਾਠ ਸ਼ਾਮਿਲ ਹੋਣ ਨਾਲ ਨੌਜਵਾਨ ਪੀੜ੍ਹੀ ਨੂੰ ਛੋਟੀ ਉਮਰ ਤੋਂ ਹੀ ਨਸ਼ਿਆਂ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਸਮਝ ਮਿਲੇਗੀ ਅਤੇ ਉਹ ਆਪਣੇ ਜੀਵਨ ਨੂੰ ਸੰਵਾਰਨ ਦੀ ਦਿਸ਼ਾ ਵੱਲ ਅੱਗੇ ਵਧਣਗੇ। ਉਨ੍ਹਾਂ ਕਿਹਾ ਮਾਨ ਸਰਕਾਰ ਵੱਲੋਂ ਬਣਾਈ ਗਈ ਇਹ ਨੀਤੀ ਸਮੂਹ ਪੱਖਾਂ ਨਾਲ ਵਿਚਾਰ-ਵਟਾਂਦਰਾ ਕਰਕੇ ਤਿਆਰ ਕੀਤੀ ਗਈ ਹੈ, ਜਿਸ ਦਾ ਲਾਭ ਵਿਦਿਆਰਥੀਆਂ,ਨੋਜਵਾਨਾਂ,ਮਾਪਿਆਂ ਅਤੇ ਆਮ ਜਨਤਾ ਨੂੰ ਸਿੱਧੇ ਰੂਪ ਵਿੱਚ ਮਿਲੇਗਾ।ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਦੌਰਾਨ ਜਦੋਂ ਬੱਚਿਆਂ ਨੂੰ ਨੈਤਿਕਤਾ ਅਤੇ ਜ਼ਿੰਦਗੀ ਸੰਵਾਰਨ ਦੇ ਅਸਲੀ ਅਰਥ ਸਿਖਾਏ ਜਾਂਦੇ ਹਨ, ਤਾਂ ਉਹ ਆਉਣ ਵਾਲੀ ਉਮਰ ਵਿਚ ਸੋਚ-ਸਮਝ ਕੇ ਫੈਸਲੇ ਲੈਣ ਯੋਗ ਬਣਦੇ ਹਨ। ਜਦੋਂ ਨੌਜਵਾਨ ਨਸ਼ਿਆਂ ਦੇ ਜਾਲ ਵਿੱਚ ਫਸਦੇ ਹਨ ਤਾਂ ਕੇਵਲ ਉਹਨਾਂ ਦੀ ਆਪਣੀ ਜ਼ਿੰਦਗੀ ਹੀ ਨਹੀਂ, ਪੂਰੇ ਪਰਿਵਾਰ ਤੇ ਸਮਾਜ ਨੂੰ ਵੀ ਨੁਕਸਾਨ ਪਹੁੰਚਦਾ ਹੈ। ਇਸ ਲਈ ਸਕੂਲੀ ਪੱਧਰ 'ਤੇ ਜਾਗਰੂਕਤਾ ਪੈਦਾ ਕਰਨੀ ਬਹੁਤ ਲਾਜ਼ਮੀ ਸੀ।ਵਿਧਾਇਕ ਗੁਰਲਾਲ ਘਨੌਰ ਨੇ ਸੂਬੇ ਦੇ ਸਾਰੇ ਪੜ੍ਹਨ ਵਾਲੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਤਾਕਤ ਅਤੇ ਯੁਵਾ ਜੋਸ਼ ਨੂੰ ਸਿਹਤਮੰਦ ਜੀਵਨ, ਖੇਡਾਂ, ਵਿਦਿਆ ਅਤੇ ਸਨਮਾਨਜਨਕ ਰੋਜ਼ਗਾਰ ਵੱਲ ਲਗਾਉਣ। ਸਾਡੇ ਭਵਿੱਖ ਦੀ ਭਰੋਸੇਮੰਦ ਨਿਰਮਾਣਸ਼ੀਲਤਾ ਤੁਹਾਡੇ ਹੱਥਾਂ ਵਿਚ ਹੈ।ਇਸ ਮੌਕੇ ਗੁਰਤਾਜ ਸਿੰਘ ਸੰਧੂ, ਸਰਪੰਚ ਇੰਦਰਜੀਤ ਸਿੰਘ ਸਿਆਲ

ਸਰਪੰਚ ਜਸਵਿੰਦਰ ਸਿੰਘ, ਬਲਾਕ ਪ੍ਰਧਾਨ ਲਖਬੀਰ ਗੁਜ਼ਰ,ਸਰਪੰਚ ਜੋਧਵੀਰ ਸਿੰਘ ਵੜੈਚ ਘੜਾਮਾ,ਕੋਚ ਕੁਲਵੰਤ ਸਿੰਘ ਸਮੇਤ ਵੱਖ- ਵੱਖ ਪਿੰਡਾਂ ਤੋਂ ਸਰਪੰਚ ਪੰਚ ਅਤੇ ਹੋਰ ਮੁੱਖ ਸਖਸੀਅਤਾਂ ਮੌਜੂਦ ਸਨ।

## ਕੱਕੜ ਨੇ ਸਾਬਕਾ ਸਰਪੰਚ ਨਰਿੰਦਰ ਸਿੰਘ ਹੇਤਮਪੁਰਾ ਦੇ ਭਰਾ ਟਕਸਾਲੀ ਕਾਂਗਰਸੀ ਆਗੂ ਬਲਵਿੰਦਰ ਸਿੰਘ ਹੇਤਮਪੁਰਾ ਦੀ ਮੌਤ ਤੇ ਪਰਿਵਾਰ ਨਾਲ ਕੀਤਾ ਗਹਿਰੇ ਦੁੱਖ
### ਦਾ ਪ੍ਰਗਟਾਵਾ ਬਲਵਿੰਦਰ ਸਿੰਘ ਦੀ ਮੌਤ ਨਾਲ ਪਰਿਵਾਰ ਦੇ ਨਾਲ ਕਾਂਗਰਸ ਪਾਰਟੀ ਨੂੰ ਵੀ ਪਿਆ ਘਾਟਾ- ਕੱਕੜ



ਲੋਪੋਕੇ ਚੁਗਾਵਾਂ 1 ਅਗਸਤ (ਸਤਵਿੰਦਰ ਸਿੰਘ ਲੋਪੋਕੇ) - ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ ਹੇਤਮਪੁਰਾ ਦੇ ਸਾਬਕਾ ਸਰਪੰਚ ਨਰਿੰਦਰ ਸਿੰਘ ਹੇਤਮਪੁਰਾ ਦੇ ਭਰਾ ਟਕਸਾਲੀ ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਅਤੇ ਵਿਧਾਇਕ ਸ੍ਰ ਸੁੱਖਬਿੰਦਰ ਸਿੰਘ ਸਰਕਾਰੀਆ ਜੀ ਦੇ ਅਤੀ ਨਜ਼ਦੀਕੀ ਸ੍ਰ ਬਲਵਿੰਦਰ ਸਿੰਘ ਹੇਤਮਪੁਰਾ ਦੀ ਬੇਵਕਤ ਮੌਤ ਤੇ ਉਸਦੇ ਪਰਿਵਾਰ ਨਰਿੰਦਰ ਸਿੰਘ, ਅੰਗਰੇਜ਼ ਸਿੰਘ, ਸੂਬਾ ਸਿੰਘ ਪੁੱਤਰ ਸੁਖਜਿੰਦਰ ਸਿੰਘ ਨਾਲ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਮੰਤਰੀ ਅਤੇ ਵਿਧਾਇਕ ਸ੍ਰ ਸੁੱਖਬਿੰਦਰ ਸਿੰਘ ਸਰਕਾਰੀਆ ਜੀ ਅਤੇ ਮੁੱਖ ਬੁਲਾਰਾ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਸ੍ਰ ਬਲਵਿੰਦਰ ਸਿੰਘ ਜੀ ਕਾਂਗਰਸ ਪਾਰਟੀ ਦੇ ਟਕਸਾਲੀ ਕਾਂਗਰਸੀ ਆਗੂ ਸਨ। ਉਨ੍ਹਾਂ ਦੇ ਜਾਣ ਨਾਲ ਉਨ੍ਹਾਂ ਦੇ ਪਰਿਵਾਰ ਦੇ ਨਾਲ ਨਾਲ ਕਾਂਗਰਸ ਪਾਰਟੀ ਨੂੰ ਵੀ ਬਹੁਤ ਘਾਟਾ ਪਿਆ ਹੈ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਸਿੰਘ ਹੇਤਮਪੁਰਾ, ਹੀਰਾ ਸਿੰਘ ਹੇਤਮਪੁਰਾ, ਸਰਪੰਚ ਲਖਬੀਰ ਸਿੰਘ ਕੋਹਾਲੀ, ਸੁਖਦੇਵ ਸਿੰਘ ਨੱਥੂਪੁਰ ਆਦਿ ਹਾਜ਼ਰ ਸਨ।

# ਦਿੱਲੀ ਕਮੇਟੀ ਵਲੋਂ ਮੈਂਬਰਾਂ ਨੂੰ ਕਮੇਟੀ ਵਲੋਂ ਦਿਤੀਆਂ ਗਈਆਂ ਗੱਡੀਆਂ ਉਪਰ ਹੋ ਰਹੇ ਖਰਚੇ ਦਾ ਵੇਰਵਾ ਨਸ਼ਰ ਕਰਣ ਦੀ ਮੰਗ: ਜਸਮੀਤ ਸਿੰਘ ਪੀਤਮਪੁਰਾ

Desi Punjab YouTube www.desipunjab.in



ਨਵੀਂ ਦਿੱਲੀ 1 ਅਗਸਤ (ਮਨਪ੍ਰੀਤ ਸਿੰਘ ਖਾਲਸਾ):-ਦਿੱਲੀ ਕਮੇਟੀ ਵਲੋਂ ਉਨ੍ਹਾਂ ਦੇ ਮੈਂਬਰਾਂ ਨੂੰ ਕਮੇਟੀ ਵਲੋਂ ਦਿਤੀਆਂ ਗਈਆਂ ਗੱਡੀਆਂ ਨੂੰ ਨਿੱਜੀ ਰੂਪ ਵਿਚ ਵਰਤੇ ਜਾਣ ਦਾ ਪਤਾ ਲਗਿਆ ਹੈ । ਸਰਦਾਰ ਜਸਮੀਤ ਸਿੰਘ ਪੀਤਮਪੁਰਾ ਸਕੱਤਰ ਜਨਰਲ ਯੂਥ ਅਕਾਲੀ ਦਲ ਦਿੱਲੀ ਇਕਾਈ ਨੇ ਮੀਡੀਆ ਨੂੰ ਜਾਰੀ ਇਕ ਪ੍ਰੈਸ ਨੋਟ ਰਾਹੀਂ ਕਿਹਾ ਕਿ ਸਾਡੀ ਜਾਣਕਾਰੀ ਵਿਚ ਲਿਆਈ ਗਈ ਇਕ ਵੀਡੀਓ ਵਿਚ ਇਕ ਗੱਡੀ ਦੀ ਵਰਤੋਂ ਬੱਚਿਆਂ ਨੂੰ ਸਕੂਲ ਕਾਲਜ ਛੱਡਣ ਲਿਆਣ ਵਿਚ ਵਰਤੋਂ ਕੀਤੀ ਜਾ ਰਹੀ ਹੈ । ਇਸ ਨਾਲ ਗੁਰੂ ਕੀ ਸੰਗਤ ਦਾ ਪੈਸਾ ਉਨ੍ਹਾਂ ਵਲੋਂ ਨਿੱਜੀ ਤੌਰ ਤੇ ਖਰਚ ਕਰਕੇ ਪੰਥ ਨਾਲ ਵੱਡਾ ਧ੍ਰੋਹ ਕਮਾਇਆ ਜਾ ਰਿਹਾ ਹੈ । ਨਾਲ ਹੀ ਕਮੇਟੀ ਵਲੋਂ ਦਿੱਤੀ ਜਾਂਦੀ ਤਨਖਾਹ ਉਪਰ ਕੰਮ ਕਰਦੇ ਗੁਰਸਿੱਖ ਨੌਜੁਆਨ ਜੋ ਉਨ੍ਹਾਂ ਗੱਡੀਆਂ ਦੀ ਡਰਾਈਵਰੀ ਕਰਦੇ ਹਨ ਓਹ ਬੱਚਿਆਂ ਦੀ ਵੀਂ ਚਾਕਰੀ ਕਰ ਰਹੇ ਹਨ । ਸੁਆਲ ਉੱਠਦਾ ਹੈ ਕਿ ਜਿਹੜੇ ਮੈਂਬਰ ਕਮੇਟੀ ਚੋਣ ਜਿੱਤਣ ਲਈ ਲੱਖਾਂ ਰੁਪਏ ਖਰਚ ਕਰ ਦੇਂਦੇ ਹਨ ਕਿ ਓਹ ਆਪਣੇ ਬੱਚਿਆਂ ਨੂੰ ਸਕੂਲ ਕਾਲਜ ਛੱਡਣ ਲਈ ਆਪਣੀ ਨਿੱਜੀ ਗੱਡੀਆਂ ਦੀ ਵਰਤੋਂ ਨਹੀਂ ਕਰ ਸਕਦੇ ਹਨ । ਕਮੇਟੀ ਪ੍ਰਧਾਨ ਅਤੇ ਸਕੱਤਰ ਸੰਗਤਾਂ ਨੂੰ ਦਸਣ ਕਿ ਜੋ ਗੱਡੀਆਂ ਕਮੇਟੀ ਦੇ ਕੰਮਕਾਰ ਲਈ ਮੈਂਬਰਾਂ ਨੂੰ ਆਪਣੇ ਨਾਲ ਜੋੜੀ ਰੱਖਣ ਲਈ ਦਿਤੀਆਂ ਹਨ ਉਨ੍ਹਾਂ ਉਪਰ ਆ ਰਹੇ ਖਰਚ ਬਾਰੇ ਖੁਲਾਸਾ ਕੀਤਾ ਜਾਏ ਕਿ ਇਕ ਇਕ ਮੈਂਬਰ ਉਪਰ ਹਰ ਮਹੀਨੇ ਸੰਗਤ ਦਾ ਕਿਤਨਾ ਪੈਸਾ ਉਡਾਇਆ ਜਾ ਰਿਹਾ ਹੈ । ਇਕ ਪਾਸੇ ਕਮੇਟੀ ਅਧੀਨ ਚਲਦੇ ਸਕੂਲ ਕਾਲਜ ਦਾ ਬਕਾਇਆ ਅਦਾਲਤ ਮੁਤਾਬਿਕ 400 ਕਰੋੜ ਤੋਂ ਵੱਧ ਕੇ 500 ਕਰੋੜ ਹੋ ਚੁਕਿਆ ਹੈ ਤੇ ਓਹ ਦੇਂਨਦਾਰੀ ਕਿਦਾਂ ਵਾਪਿਸ ਕੀਤੀ ਜਾਏਗੀ ਬਾਰੇ ਕੌਈ ਰੋਡ ਮੈਪ ਨਹੀਂ ਦਸਿਆ ਜਾ ਰਿਹਾ ਦੂਜੇ ਪਾਸੇ ਮੈਂਬਰਾਂ ਉਪਰ ਬੇਇੰਤੇਹਾ ਖਰਚਾ ਕੀਤਾ ਜਾ ਰਿਹਾ ਹੈ । ਇੰਨ੍ਹਾ ਹਾਲਾਤਾਂ ਵਿਚ ਸੰਗਤਾਂ ਦਾ ਫਰਜ਼ ਬਣਦਾ ਹੈ ਕਿ ਓਹ ਅੱਗੇ ਆਏ ਤੇ ਪ੍ਰਬੰਧਕਾਂ ਕੋਲੋਂ ਪੁਛੇ, ਹਿਸਾਬ ਮੰਗੇ ਕਿ ਸੰਗਤਾਂ ਦਾ ਪੈਸਾ ਕਿੱਥੇ ਵਰਤਿਆ ਜਾ ਰਿਹਾ ਹੈ ਸਾਡੇ ਸਕੂਲ ਕਿਉਂ ਬਰਬਾਦੀ ਦੇ ਕੰਡੇ ਪੁੱਜੇ ਹਨ । ਹਰਮੀਤ ਸਿੰਘ ਕਾਲਕਾ ਦਾ ਫਰਜ਼ ਬਣਦਾ ਹੈ ਕਿ ਓਹ ਕਮੇਟੀ ਮੈਂਬਰਾਂ ਕੋਲੋਂ ਕਮੇਟੀ ਵਲੋਂ ਦਿੱਤੀ ਗਈਆਂ ਗੱਡੀਆਂ ਵਾਪਿਸ ਲੈਣ ਤੇ ਉਨ੍ਹਾਂ ਵਲੋਂ ਵਰਤੇ ਗਏ ਪਟਰੋਲ, ਡੀਜਲ ਅਤੇ ਗੱਡੀ ਦੇ ਰੱਖਰਖਾਵ ਉਪਰ ਹੋਇਆ ਖਰਚਾ ਉਨ੍ਹਾਂ ਕੋਲੋਂ ਵਸੂਲ ਕਰਕੇ ਗੁਰੂ ਕੀ ਗੋਲਕ ਅੰਦਰ ਜਮਾ ਕਰਵਾਇਆ ਜਾਏ । ਨਾਲ ਹੀ ਕਮੇਟੀ ਪ੍ਰਬੰਧਕਾਂ ਨੂੰ ਸੰਗਤਾਂ ਅੱਗੇ ਉਨ੍ਹਾਂ ਦੇ ਮੈਂਬਰਾਂ ਦੇ ਕੰਮਕਾਰ ਬਾਰੇ ਵੀਂ ਦਸਣ ਦੀ ਸਖ਼ਤ ਲੋੜ ਹੈ ਕਿ ਉਨ੍ਹਾਂ ਦੇ ਮੈਂਬਰਾਂ ਵਲੋਂ ਆਪਣਾ ਜੀਵਨ ਬਸਰ ਕਰਣ ਲਈ ਕਮਾਈ ਦਾ ਸਾਧਨ ਕੀ ਹੈ ।

# ਐਮਐਸਪੀ ਕਮੇਟੀ ਵਲੋਂ ਰਿਪੋਰਟ ਵਿੱਚ ਦੇਰੀ ਕਰਨਾ ਵਡੀ ਚਿੰਤਾ ਦਾ ਵਿਸ਼ਾ: ਵਿਕਰਮ ਸਾਹਨੀ

Desi Punjab YouTube www.desipunjab.in



ਨਵੀਂ ਦਿੱਲੀ 1 ਅਗਸਤ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਜੁਲਾਈ 2022 ਵਿੱਚ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਵਿਧੀ ਵਿੱਚ ਸੁਧਾਰਾਂ, ਫਸਲੀ ਵਿਭਿੰਨਤਾ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਬਣਾਈ ਗਈ ਕਮੇਟੀ ਦੇ ਕੰਮਕਾਜ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਰਾਜ ਸਭਾ ਵਿੱਚ ਡਾ. ਸਾਹਨੀ ਵੱਲੋਂ ਪੁੱਛੇ ਗਏ ਇੱਕ ਸਵਾਲ ਵਿੱਚ, ਖੇਤੀਬਾੜੀ ਰਾਜ ਮੰਤਰੀ ਨੇ ਦੱਸਿਆ ਕਿ ਜੁਲਾਈ 2022 ਵਿੱਚ ਕਮੇਟੀ ਦੇ ਗਠਨ ਤੋਂ ਬਾਅਦ, 6 ਮੁੱਖ ਮੀਟਿੰਗਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਖੇਤੀਬਾੜੀ ਯੂਨੀਵਰਸਿਟੀਆਂ ਦੇ ਵੱਖ-ਵੱਖ ਪ੍ਰਤੀਨਿਧੀਆਂ ਅਤੇ ਰਾਜਾਂ ਦੇ ਸਕੱਤਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਡਾ. ਸਾਹਨੀ ਨੇ ਕਿਹਾ ਕਿ ਪ੍ਰੀਮੀਅਰ ਐਗਰੀਕਲਚਰ ਯੂਨੀਵਰਸਿਟੀ, ਪੀਏਯੂ ਲੁਧਿਆਣਾ ਦੇ ਵਾਈਸ ਚਾਂਸਲਰ ਅਤੇ ਪੰਜਾਬ ਦੇ ਖੇਤੀਬਾੜੀ ਸਕੱਤਰ ਨੂੰ ਇੱਕ ਪ੍ਰਮੁੱਖ ਖੇਤੀਬਾੜੀ ਰਾਜ ਹੋਣ ਕਰਕੇ ਕਮੇਟੀ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਡਾ. ਸਾਹਨੀ ਨੇ ਕਿਹਾ ਕਿ ਪਿਛਲੇ 6 ਮਹੀਨਿਆਂ ਦੌਰਾਨ ਕਮੇਟੀ ਜਾਂ ਇੱਥੋਂ ਤੱਕ ਕਿ ਕਿਸੇ ਵੀ ਸਬ-ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋਈ। ਡਾ. ਸਾਹਨੀ ਨੇ ਮੰਗ ਕੀਤੀ ਕਿ ਘੱਟੋ-ਘੱਟ ਸਮਰਥਨ ਮੁੱਲ ਸੁਧਾਰਾਂ ਅਤੇ ਫਸਲੀ ਵਿਭਿੰਨਤਾ ਬਾਰੇ ਕਮੇਟੀਆਂ ਦੀਆਂ ਸਿਫ਼ਾਰਸ਼ਾਂ 'ਤੇ ਘੱਟੋ-ਘੱਟ ਇੱਕ ਅੰਤਰਿਮ ਰਿਪੋਰਟ ਜਨਤਕ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਮੌਜੂਦਾ ਘੱਟੋ-ਘੱਟ ਸਮਰਥਨ ਮੁੱਲ ਮੱਕੀ, ਸਰ੍ਹੋਂ, ਕਪਾਹ ਅਤੇ ਬਾਜਰਾ ਸਮੇਤ 22 ਫਸਲਾਂ ਲਈ ਐਲਾਨਿਆ ਗਿਆ ਹੈ, ਫਿਰ ਵੀ ਕਿਸਾਨਾਂ ਨੂੰ ਇਹ ਫਸਲਾਂ ਐਲਾਨੀ ਕੀਮਤ ਤੋਂ ਬਹੁਤ ਘੱਟ ਕੀਮਤ 'ਤੇ ਵੇਚਣੀਆਂ ਪੈ ਰਹੀਆਂ ਹਨ ਜੋ ਫਸਲੀ ਵਿਭਿੰਨਤਾ ਨੂੰ ਰੋਕ ਰਿਹਾ ਹੈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ 'ਚ 5 ਫੀਸਦੀ ਵਾਧਾ

Desi Punjab YouTube www.desipunjab.in



ਨਵੀਂ ਦਿੱਲੀ, 1 ਅਗਸਤ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਵਿਚ 5 ਫੀਸਦੀ ਦਾ ਵਾਧਾ ਕਰ ਦਿੱਤਾ ਹੈ। ਇਸ ਬਾਰੇ ਐਲਾਨ ਅੱਜ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਅੱਜ ਮੁਲਾਜ਼ਮਾਂ ਨਾਲ ਮੀਟਿੰਗ ਵਿਚ ਕੀਤਾ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਕਮੇਟੀ ਦੇ ਮੁਲਾਜ਼ਮ ਉਹਨਾਂ ਲਈ ਪਰਿਵਾਰ ਦਾ ਹਿੱਸਾ ਹਨ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਵਿਚ ਮੁਲਾਜ਼ਮਾਂ ਦੀ ਅਹਿਮ ਭੂਮਿਕਾ ਰਹਿੰਦੀ ਹੈ। ਉਹਨਾਂ ਕਿਹਾ ਕਿ ਮੁਲਾਜ਼ਮ ਕਮੇਟੀ ਦੀ ਰੀੜ੍ਹ ਦੀ ਹੱਡੀ ਵਰਗੀ ਅਹਿਮ ਭੂਮਿਕਾ ਅਦਾ ਕਰ ਰਹੇ ਹਨ। ਉਹਨਾਂ ਕਿਹਾ ਕਿ ਕਮੇਟੀ ਦੇ ਸਾਰੇ ਕੰਮਾਂ ਨੂੰ ਨੇਪਰੇ ਚੜ੍ਹਾਉਣ ਵਿਚ ਮੁਲਾਜ਼ਮਾਂ ਦੇ ਯੋਗਦਾਨ ਦੀ ਸ਼ਲਾਘਾ ਵਾਸਤੇ ਸ਼ਬਦ ਵੀ ਬਹੁਤ ਥੋੜ੍ਹੇ ਰਹਿ ਜਾਂਦੇ ਹਨ। ਉਹਨਾਂ ਕਿਹਾ ਕਿ ਕਮੇਟੀ ਨੇ ਹਮੇਸ਼ਾ ਮੁਲਾਜ਼ਮਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਹੈ ਤੇ ਹਮੇਸ਼ਾ ਰੱਖੇਗੀ। ਉਹਨਾਂ ਦੱਸਿਆ ਕਿ ਇਸ ਵਾਰ ਜਿਥੇ ਮੁਲਾਜ਼ਮਾਂ ਦੀਆਂ ਤਨਖਾਹਾਂ 31 ਤਾਰੀਕ ਨੂੰ ਰਿਲੀਜ਼ ਕਰ ਦਿੱਤੀਆਂ ਗਈਆਂ ਹਨ, ਉਥੇ ਹੀ ਸੇਵਾ ਮੁਕਤ ਹੁੰਦੇ ਮੁਲਾਜ਼ਮਾਂ ਦੇ ਬਣਦੇ ਬਕਾਏ ਵੀ ਸਮੇਂ ਸਿਰ ਅਦਾ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਕਮੇਟੀ ਵੱਲੋਂ ਵੱਡੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮਹਾਨ ਦਿਵਸ ਨੂੰ ਸਮਰਪਿਤ ਵੱਡੇ ਸਮਾਗਮ ਆਯੋਜਿਤ ਹੋਣੇ ਹਨ ਜਿਹਨਾਂ ਨੂੰ ਪ੍ਰਵਾਨ ਚੜ੍ਹਾਉਣ ਵਿਚ ਕਮੇਟੀ ਮੁਲਾਜ਼ਮਾਂ ਦੀ ਭੂਮਿਕਾ ਸਭ ਤੋਂ ਅਹਿਮ ਰਹੇਗੀ। ਉਹਨਾਂ ਕਿਹਾ ਕਿ ਮੁਲਾਜ਼ਮ ਆਪਣੇ ਕੰਮ ਪ੍ਰਤੀ ਪੂਰੀ ਸੰਜੀਦਗੀ ਤੇ ਤਨਦੇਹੀ ਨਾਲ ਡਿਊਟੀਆਂ ਨਿਭਾ ਰਹੇ ਹਨ। ਉਹਨਾਂ ਕਿਹਾ ਕਿ ਕਮੇਟੀ ਹਮੇਸ਼ਾ ਮੁਲਾਜ਼ਮਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੀ ਹੈ।

# ਕਾਂਗਰਸ ਵੱਲੋਂ ਲੈਂਡ ਪੂਲਿੰਗ ਪਾਲਿਸੀ ਖਿਲਾਫ ਪਟਿਆਲਾ ਵਿੱਚ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ

## ਜੇਕਰ 'ਆਪ' ਸਰਕਾਰ ਇਸਨੂੰ ਵਾਪਸ ਨਹੀਂ ਲੈਂਦੀ, ਤਾਂ ਕਾਂਗਰਸ ਸਰਕਾਰ ਲਵੇਗੀ: ਵੜਿੰਗ

Desi Punjab YouTube www.desipunjab.in



ਪਟਿਆਲਾ, 1 ਅਗਸਤ: ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਕਿਸਾਨਾਂ ਦੀ ਲੜਾਈ ਨੂੰ ਇਸਦੇ ਸਹੀ ਨਤੀਜੇ ਤੱਕ ਲੈ ਕੇ ਜਾਵੇਗੀ ਅਤੇ ਸਰਕਾਰ ਨੂੰ ਇਸਨੂੰ ਵਾਪਸ ਲੈਣ ਲਈ ਮਜਬੂਰ ਕਰ ਦੇਵੇਗੀ।ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹਾ ਨਹੀਂ ਕਰਦੀ, ਤਾਂ 2027 ਵਿੱਚ ਬਣਨ ਵਾਲੀ ਕਾਂਗਰਸ ਦੀ ਸਰਕਾਰ ਇਸਨੂੰ ਰੱਦ ਕਰ ਦੇਵੇਗੀ।ਇੱਥੇ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਆਯੋਜਿਤ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ, ਵੜਿੰਗ ਨੇ ਕਿਹਾ ਕਿ ਇਹ 'ਆਪ' ਸਰਕਾਰ ਦੀ ਕਿਸਾਨਾਂ ਤੋਂ ਜਮੀਨਾਂ ਖੋਹਣ ਅਤੇ ਬਾਅਦ ਵਿੱਚ ਆਪਣੀਆਂ ਵੱਖ-ਵੱਖ ਯੋਜਨਾਵਾਂ ਲਈ ਉਨ੍ਹਾਂ ਜ਼ਮੀਨਾਂ 'ਤੇ ਕਰਜ਼ਾ ਲੈਣ ਦੀ ਇੱਕ ਲੁਕਵੀਂ ਚਾਲ ਹੈ। ਜਿਨ੍ਹਾਂ ਸਕੀਮਾਂ ਨੂੰ ਉਹ ਲਾਗੂ ਕਰਨ ਵਿੱਚ ਅਸਫਲ ਰਹੀ ਹੈ।ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਪਹਿਲਾਂ ਹੀ 4.5 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਦੇ ਬੋਝ ਹੇਠਾਂ ਦੱਬ ਚੁੱਕਾ ਹੈ। ਉਨ੍ਹਾਂ ਕਿਹਾ ਕਿ 'ਆਪ' ਨਾ ਸਿਰਫ਼ ਪੰਜਾਬ ਨੂੰ ਦੀਵਾਲੀਏਪਨ ਵੱਲ ਧੱਕ ਰਹੀ ਹੈ, ਸਗੋਂ 50,000 ਏਕੜ ਜ਼ਮੀਨ ਵਿੱਚ ਕੰਕਰੀਟ ਦਾ ਜੰਗਲ ਬਣਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ, ਜੋ ਇਸਨੇ ਕਿਸਾਨਾਂ ਤੋਂ ਜ਼ਬਰਦਸਤੀ ਖੋਹਣੀ ਹੈ। ਆਲ ਇੰਡੀਆ ਕਿਸਾਨ ਕਾਂਗਰਸ ਦੇ ਚੇਅਰਮੈਨ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਦੇ ਵਿਚਾਰਾਂ ਦਾ ਸਮਰਥਨ ਕਰਦਿਆਂ, ਉਨ੍ਹਾਂ ਕਿਹਾ ਕਿ ਕਿਤੇ ਵੀ ਕੋਈ ਨਵੀਂ ਸ਼ਹਿਰੀ ਜਾਇਦਾਦ ਬਣਾਉਣ ਦੀ ਨਾ ਤਾਂ ਕੋਈ ਮੰਗ ਹੈ ਅਤੇ ਨਾ ਹੀ ਕੋਈ ਲੋੜ ਹੈ।ਵੜਿੰਗ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਇੱਕ ਖੇਤੀਬਾੜੀ ਸੂਬਾ ਹੈ ਅਤੇ ਇਸਦੀ ਆਰਥਿਕਤਾ ਖੇਤੀਬਾੜੀ 'ਤੇ ਨਿਰਭਰ ਹੈ। ਉਨ੍ਹਾਂ ਕਿਹਾ ਕਿ ਸੂਬਾ ਹਰ ਸਾਲ ਖੇਤੀਬਾੜੀ ਉਪਜ ਤੋਂ ਲਗਭਗ 80,000 ਕਰੋੜ ਰੁਪਏ ਹਾਸਿਲ ਕਰਦਾ ਹੈ। ਇਨ੍ਹਾਂ ਹਾਲਾਤਾਂ ਵਿੱਚ ਜੇਕਰ 50,000 ਏਕੜ ਜ਼ਮੀਨ ਖੋਹ ਲਈ ਜਾਂਦੀ ਹੈ, ਤਾਂ ਇਹ ਪੰਜਾਬ ਦੀ ਆਰਥਿਕਤਾ ਨੂੰ ਹੋਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ।ਸੂਬਾ ਕਾਂਗਰਸ ਪ੍ਰਧਾਨ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਇਹ ਮਾਮਲਾ ਸੰਸਦ ਵਿੱਚ ਵੀ ਚੁੱਕਿਆ ਹੈ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਡਾ. ਮਨਮੋਹਨ ਸਿੰਘ ਸਰਕਾਰ ਵੱਲੋਂ ਪਾਸ ਕੀਤੇ ਗਏ ਭੂ ਪ੍ਰਾਪਤੀ ਕਾਨੂੰਨ ਦੇ ਉਪਬੰਧਾਂ ਦੀ ਵਰਤੋਂ ਕਰਕੇ ਸੂਬਾ ਸਰਕਾਰ ਨੂੰ ਕਿਸਾਨਾਂ ਦੀ ਜ਼ਮੀਨ ਜ਼ਬਰਦਸਤੀ ਨਾ ਖੋਹਣ ਸਬੰਧੀ ਨਿਰਦੇਸ਼ ਜਾਰੀ ਕਰੇ।ਇਸ ਮੌਕੇ ਬੋਲਦਿਆਂ, ਸੁਖਪਾਲ ਸਿੰਘ ਖਹਿਰਾ ਨੇ ਕਿਸਾਨਾਂ ਨੂੰ ਕਾਂਗਰਸ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਇਸ ਪਾਲਿਸੀ ਦੀ ਕੋਈ ਲੋੜ ਨਹੀਂ ਹੈ ਅਤੇ ਕਾਂਗਰਸ ਇਸਨੂੰ ਲਾਗੂ ਨਹੀਂ ਹੋਣ ਦੇਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ, ਵਿਜੇ ਇੰਦਰ ਸਿੰਗਲਾ, ਧਰਮਵੀਰ ਗਾਂਧੀ, ਮੋਹਿਤ ਮਹਿੰਦਰਾ, ਗੁਰਸ਼ਰਨ ਕੌਰ ਰੰਧਾਵਾ, ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜ, ਹੈਰੀ ਮਾਨ, ਕਿਰਨਜੀਤ ਸਿੰਘ ਮਿੱਠਾ, ਹਰਵਿੰਦਰ ਸਿੰਘ ਖਨੌੜਾ, ਨਰੇਸ਼ ਦੁੱਗਲ, ਦਰਬਾਰਾ ਸਿੰਘ, ਵਿਸ਼ਨੂੰ ਸ਼ਰਮਾ ਆਦਿ ਹਾਜ਼ਰ ਸਨ।

# ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ ਵਿੱਚ ਕੈਪੀਟਲ ਹਿੱਲ ਵਾਈਟ ਹਾਊਸ ਵਿਖੇ ਜਥੇਦਾਰ ਦਾਦੂਵਾਲ ਦਾ ਸਿਲਵਰ ਪਲੇਟ ਨਾਲ ਸਨਮਾਨ

Desi Punjab YouTube www.desipunj



ਲੁਧਿਆਣਾ 1 ਅਗਸਤ (ਕਰਨੈਲ ਸਿੰਘ ਐੱਮ.ਏ.) ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਕੁੱਝ ਦਿਨਾਂ ਲਈ ਅਮਰੀਕਾ ਦੀ ਧਰਤੀ ਤੇ ਆਪਣੇ ਨਿੱਜੀ ਦੌਰੇ ਤੇ ਪੁੱਜੇ ਹੋਏ ਹਨ । ਜਥੇਦਾਰ ਦਾਦੂਵਾਲ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅਮਰੀਕਾ ਦੇ ਵੱਖ-ਵੱਖ ਥਾਵਾਂ ਤੇ ਸਨਮਾਨਿਤ ਸ਼ਖ਼ਸੀਅਤਾਂ ਵੱਲੋਂ ਉਹਨਾਂ ਦੇ ਵਿਸ਼ੇਸ਼ ਸਨਮਾਨ ਕੀਤੇ ਜਾ ਰਹੇ ਹਨ। ਏਸੇ ਕੜੀ ਤਹਿਤ ਜਥੇਦਾਰ ਦਾਦੂਵਾਲ ਨੇ ਜਥੇਦਾਰ ਚਰਨ ਸਿੰਘ ਅਤੇ ਡਾਕਟਰ ਸੁਰਿੰਦਰਪਾਲ ਸਿੰਘ ਉੱਘੇ ਸਿੱਖ ਚਿੰਤਕ ਨਾਲ ਅਮਰੀਕਾ ਦੇ ਰਾਸ਼ਟਰਪਤੀ ਨਿਵਾਸ ਵਾਈਟ ਹਾਊਸ ਅਤੇ ਸੈਨਟ ਹਾਊਸ, ਕੈਪੀਟਲ ਹਿੱਲ ਦਾ ਦੌਰਾ ਕੀਤਾ । ਇਹ ਦੌਰਾ ਅਮਰੀਕਾ ਸੈਨੇਟ ਹਾਊਸ ਦੇ ਸੀਨੀਅਰ ਕਾਂਗਰਸਮੈਨ ਸਟੈਨੀ ਐਚ ਹੋਇਰ ਵੱਲੋਂ ਸਪਾਂਸਰ ਕੀਤਾ ਗਿਆ । ਦੌਰੇ ਦੌਰਾਨ ਜਥੇਦਾਰ ਦਾਦੂਵਾਲ ਜੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਮਰੀਕਾ ਨੂੰ ਦੁਨੀਆਂ ਦੀ ਵੱਡੀ ਸੰਸਾਰੀ ਤਾਕਤ ਵਜੋਂ ਜਾਣਿਆ ਜਾਂਦਾ ਹੈ ਅਤੇ ਭਾਰਤ ਅਮਰੀਕਾ ਦੇ ਸੰਬੰਧ ਸਦਾ ਹੀ ਸੁਖਾਵੇਂ ਰਹੇ ਹਨ। ਉਹਨਾਂ ਨੇ ਕਿਹਾ ਕੇ ਭਵਿੱਖ ਵਿੱਚ ਜਦੋਂ ਵੀ ਅਮਰੀਕੀ ਰਾਸ਼ਟਰਪਤੀ ਜਾਂ ਅਮਰੀਕਾ ਸਰਕਾਰ ਦਾ ਕੋਈ ਪ੍ਰਤੀਨਿਧੀ ਭਾਰਤ ਆਉਂਦਾ ਹੈ ਤਾਂ ਉਹ ਪੰਜਾਬ ਅਤੇ ਹਰਿਆਣਾ ਦੇ ਇਤਿਹਾਸਕ ਸਥਾਨਾਂ ਦੇ ਦੌਰੇ ਲਈ ਉਹਨਾਂ ਨੂੰ ਜ਼ਰੂਰ ਬੇਨਤੀ ਲਾਉਣਗੇ । ਵਾਈਟ ਹਾਊਸ ਦੌਰੇ ਦੌਰਾਨ ਸਿੱਖ ਚਿੰਤਕ ਡਾ: ਸੁਰਿੰਦਰਪਾਲ ਸਿੰਘ ਗਿੱਲ ਕੋ ਚੇਅਰਪਰਸਨ ਇੰਟਰਨੈਸ਼ਨਲ ਫੋਰਮ ਯੂ.ਐਸ.ਏ, ਜਥੇਦਾਰ ਚਰਨ ਸਿੰਘ ਪ੍ਰੇਮਪੁਰਾ ਪ੍ਰਧਾਨ ਐਨਆਰਆਈ ਵਿੰਗ ਯੂ.ਐਸ.ਏ. ਵੱਲੋਂ ਜਥੇਦਾਰ ਦਾਦੂਵਾਲ ਨੂੰ ਯਾਦਗਾਰੀ ਸਿਲਵਰ ਪਲੇਟ ਦੇ ਕੇ ਵਿਸ਼ੇਸ਼ ਸਨਮਾਨ ਕੀਤਾ।

# ਪੀੜ੍ਹਤ ਵਿਦਿਆਰਥੀਆਂ ਨੂੰ ਇਨਸਾਫ਼ ਦਿਵਾਉਣ ਲਈ ਨਰਸਿੰਗ ਕਾਲਜ ਮਹਿਲ ਕਲਾਂ ਮੂਹਰੇ ਰੋਸ ਪ੍ਰਦਰਸ਼ਨ-ਲੋਕ ਰੋਹ ਮੂਹਰੇ ਝੁਕਦਿਆਂ ਵਿਦਿਆਰਥਣਾਂ ਨੂੰ ਵਾਪਸ ਕੀਤੀਆਂ ਫ਼ੀਸਾਂ ਅਤੇ ਅਸਲ ਸਰਟੀਫ਼ਿਕੇਟ-ਕਾਲਜ 'ਚ ਹੋ ਰਹੀਆਂ ਬੇਨਿਯਮੀਆਂ ਦੀ ਉੱਚ ਪੱਧਰੀ ਜਾਂਚ ਕਰ ਕੇ ਜ਼ਿੰਮੇਵਾਰਾਂ ਖਿਲਾਫ਼ ਕਾਰਵਾਈ ਕਰੇ ਸਰਕਾਰ- ਹਰਜੀਤ ਖਿਆਲੀ

Desi Punjab YouTube www.desipunjab.in





ਮਹਿਲ ਕਲਾਂ, (ਰਾਜਵਿੰਦਰ ਸਿੰਘ ਕਲਾਲ ਮਾਜਰਾ)-ਭਾਈ ਲਾਲੋ ਪੰਜਾਬੀ ਮੰਚ ਦੀ ਅਗਵਾਈ ਹੇਠ ਅੱਜ ਮਹਿਲ ਕਲਾਂ ਵਿਖੇ ਸਥਿੱਤ ਨਰਸਿੰਗ ਕਾਲਜ ਦਾ ਘਿਰਾਓ ਕਰ ਕੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪੀੜਤ ਵਿਦਿਆਰਥੀਆਂ, ਉਨ੍ਹਾਂ ਦੇ ਮਾਪੇ ਅਤੇ ਹੋਰ ਇਨਸਾਫ਼ ਪਸੰਦ ਲੋਕਾਂ ਨੇ ਭਾਗ ਲੈਂਦਿਆਂ ਪ੍ਰਬੰਧਕਾਂ ਵਲੋਂ ਵਿਦਿਆਰਥੀਆਂ ਨਾਲ ਕੀਤੀ ਜਾ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ। ਇਸ ਮੌਕੇ ਬੋਲਦਿਆਂ ਆਗੂ ਹਰਜੀਤ ਸਿੰਘ ਖ਼ਿਆਲੀ ਨੇ ਕਿਹਾ ਕਿ ਪਿਛਲੀ ਕਾਂਗਰਸ ਅਤੇ ਹੁਣ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੀ ਮਿਲੀਭੁਗਤ 'ਤੇ ਚਲਦੇ ਅਜਿਹੇ ਕਾਲਜਾਂ ਵਲੋਂ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵੱਲ ਧੱਕਿਆ ਜਾ ਰਿਹਾ ਹੈ। ਰੈਗੂਲਰ ਸੀਟਾਂ 'ਤੇ ਨਾਨ-ਅਟੈਂਡਿੰਗ ਦਾਖ਼ਲੇ ਕਰ ਕੇ ਜਿੱਥੇ ਵਿਦਿਆਰਥੀਆਂ ਤੋਂ ਮੋਟੀਆਂ ਫ਼ੀਸਾਂ ਵਸੂਲੀਆਂ ਜਾਂਦੀਆਂ ਹਨ, ਉੱਥੇ ਤਰ੍ਹਾਂ-ਤਰ੍ਹਾਂ ਦੇ ਜ਼ੁਰਮਾਨੇ ਅਤੇ ਨਕਲ ਮਰਵਾਉਣ ਬਦਲੇ ਪੈਸਿਆਂ ਦੀ ਮੰਗ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਤੌਰ 'ਤੇ ਕੋਈ ਵਿਦਿਅਕ ਸੰਸਥਾ ਵਿਦਿਆਰਥੀਆਂ ਦੇ ਅਸਲੀ ਸਰਟੀਫ਼ਿਕੇਟ ਆਪਣੇ ਕਬਜ਼ੇ 'ਚ ਨਹੀਂ ਰੱਖ ਸਕਦਾ, ਪਰ ਇਨ੍ਹਾਂ ਵਲੋਂ ਨਿਯਮਾਂ ਦੀ ਉਲੰਘਣਾ ਕਰ ਕੇ ਅਜਿਹਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਮੂੰਹ ਖੋਲ੍ਹਣ ਤੋਂ ਰੋਕਣ ਲਈ ਤਰ੍ਹਾਂ-ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ , ਸਰਪੰਚ ਜਗਰਾਜ ਸਿੰਘ ਟੱਲੇਵਾਲ, ਸਿੱਧੂਪੁਰ ਆਗੂ ਕਰਨੈਲ ਸਿੰਘ ਗਾਂਧੀ, ਬਲਵਿੰਦਰ ਬਿੰਦੂ ਸਹਿਜੜਾ , ਮਾ: ਫਕੀਰ ਚੰਦ ਦੱਧਾਹੂਰ, ਨੇਕ ਦਰਸ਼ਨ ਸਿੰਘ ਸਹਿਜੜਾ, ਜਰਨਲ ਸੈਕਟਰੀ ਪੰਜਾਬ ਕਲਾ ਹਿੰਦ ਕਿਸਾਨ ਆਗੂ ਮੁਖਤਿਆਰ ਸਿੰਘ ਦੱਧਾਹੂਰ, ਕੇਵਲ ਸਿੰਘ ਜੌਹਲ, ਕੁਲਦੀਪ ਸਿੰਘ ਜੌਹਲ ਨੇ ਕਿਹਾ ਜੇਕਰ ਕਿਸੇ ਵੀ ਵਿਦਿਆਰਥੀ ਜਾਂ ਵਿਦਿਆਰਥਣ ਨਾਲ ਧੱਕੇਸ਼ਾਹੀ ਹੋਈ ਹੈ, ਜਾਂ ਹੋ ਰਹੀ ਹੈ ਉਹ ਆਗੂਆਂ ਨਾਲ ਤੁਰੰਤ ਸੰਪਰਕ ਕਰਨ, ਕਾਲਜ ਪ੍ਰਬੰਧਕਾਂ ਦੀਆਂ ਮਨਮਾਨੀਆਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਅਜਿਹੇ ਸਿਖਿਆ ਮਾਫ਼ੀਏ ਕੋਲੋਂ ਸੁਰੱਖਿਅਤ ਕਰਨ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਪੀੜਤ ਵਿਦਿਆਰਥਣਾਂ ਰਾਜਵੀਰ ਕੌਰ, ਸਿਮਰਨਪ੍ਰੀਤ ਕੌਰ, ਹੰਸਪ੍ਰੀਤ ਕੌਰ, ਕਰਮਜੀਤ ਕੌਰ, ਮਨਵੀਰ ਕੌਰ, ਬੇਅੰਤ ਕੌਰ, ਵਿਦਿਆਰਥੀ ਸੁਖਵਿੰਦਰ ਸਿੰਘ, ਅਰਸ਼ਦੀਪ ਸਿੰਘ, ਮਨਿੰਦਰ ਪਾਲ ਕੌਰ ਨੇ ਆਪਣੀ ਹੱਡ-ਬੀਤੀ ਬਿਆਨ ਕਰਦਿਆਂ ਇਨਸਾਫ਼ ਦੀ ਮੰਗ ਕੀਤੀ। ਅੱਜ ਸਵੇਰੇ 10 ਵਜੇ ਤੋਂ ਲੈ ਕੇ ਚਾਰ ਘੰਟੇ ਲੋਕ ਕੜਾਕੇ ਦੀ ਗਰਮੀ ਦੇ ਬਾਵਜੂਦ ਧਰਨੇ 'ਤੇ ਡਟੇ ਰਹੇ। ਧਰਨਾਕਾਰੀਆਂ ਦੇ ਵਧਦੇ ਰੋਹ ਨੂੰ ਦੇਖਦਿਆਂ ਕਾਲਜ ਦੀ ਪ੍ਰਿੰਸੀਪਲ ਨੂੰ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਵਲੋਂ ਓ.ਟੀ. ਅਟੈਂਡੈਂਟ ਕੋਰਸ ਕਰਨ ਲਈ 10 ਵਿਦਿਆਰਥੀਆਂ ਵਲੋਂ ਭਰੀ 30 ਹਜ਼ਾਰ ਪ੍ਰਤੀ ਵਿਦਿਆਰਥੀ ਫ਼ੀਸ, ਨੈਨੀ ਅਤੇ ਜੀ.ਐੱਨ.ਐਮ. ਦੀਆਂ ਦੋ ਵਿਦਿਆਰਥਣਾਂ ਦੀ 10-10 ਹਜ਼ਾਰ ਫ਼ੀਸ, ਪਾਰਟੀ ਕਰਨ ਲਈ ਅਲੱਗ ਤੋਂ ਵਸੂਲੇ 1200 ਪ੍ਰਤੀ ਵਿਦਿਆਰਥੀ, ਸਾਰੇ ਅਸਲੀ ਸਰਟੀਫ਼ਿਕੇਟ ਬਿਨ੍ਹਾਂ ਸ਼ਰਤ ਵਾਪਸ ਕਰਨ ਲਈ ਮਜ਼ਬੂਰ ਹੋਣਾ ਪਿਆ। ਇਸ ਨੂੰ ਸੰਘਰਸ਼ ਦੀ ਜਿੱਤ ਕਰਾਰ ਦਿੰਦਿਆਂ ਆਗੂ ਹਰਜੀਤ ਸਿੰਘ ਖਿਆਲੀ ਨੇ ਕਿਹਾ ਕਿ ਮਹਿਲ ਕਲਾਂ ਸੰਘਰਸ਼ੀ ਲੋਕਾਂ ਦੀ ਧਰਤੀ ਤੇ ਅੱਜ ਫ਼ੇਰ ਲੋਕਾਂ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਜ਼ਬਰ ਅਤੇ ਜ਼ੁਲਮ ਅੱਗੇ ਅਣਖੀ ਲੋਕ ਝੁਕਦੇ ਨਹੀਂ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਵਿਦਿਆਰਥੀਆਂ ਨੂੰ ਹੱਕਾਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨਾਲ ਖੜ੍ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਇਸ ਅਦਾਰੇ 'ਚ ਹੋ ਰਹੀਆਂ ਬੇਨਿਯਮੀਆਂ ਦੀ ਉੱਚ ਪੱਧਰੀ ਜਾਂਚ ਕਰ ਕੇ ਪ੍ਰਬੰਧਕਾਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਇਸ ਮੌਕੇ ਗੁਰਦੇਵ ਕੌਰ ਮਹਿਲ ਕਲਾਂ, ਮੇਜਰ ਸਿੰਘ ਸਹਿਜੜਾ , ਕੌਰ ਸਿੰਘ ਸਹਿਜੜਾ , ਸਾਧੂ ਸਿੰਘ ਮਹਿਲ ਖੁਰਦ , ਜਸਵੀਰ ਸਿੰਘ ਸਹੌਰ , ਜਗਸੀਰ ਸਿੰਘ ਖ਼ਿਆਲੀ , ਹਰਜਿੰਦਰ ਕੌਰ, ਸੁਰਿੰਦਰ ਕੌਰ, ਮਹਿੰਦਰ ਕੌਰ, ਹਰਨੇਕ ਸਿੰਘ ਮਹਿਲ ਕਲਾਂ, ਕਾਮਰੇਡ ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਚੇਅਰਮੈਨ ਅਮਨਦੀਪ ਸਿੰਘ ਅਮਨੀ, ਰਛਪਾਲ ਸਿੰਘ ਬੱਟੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।ਪਿਛਲੇ ਤਿੰਨ ਸਾਲਾਂ ਤੋਂ ਸਰਟੀਫ਼ਿਕੇਟ ਲੈਣ ਲਈ ਭਟਕ ਰਹੀ ਸੀ ਵਿਦਿਆਰਥਣ:ਮਹਿਲ ਕਲਾਂ ਨਾਲ ਸਬੰਧਤ ਵਿਦਿਆਰਥਣ ਰਣਦੀਪ ਕੌਰ ਨੇ ਦੱਸਿਆ ਕਿ ਉਹ ਗ਼ਰੀਬ ਦਲਿਤ ਪਰਿਵਾਰ ਨਾਲ ਸਬੰਧਤ ਹੈ, ਉਸ ਨੇ ਤਿੰਨ ਸਾਲ ਪਹਿਲਾਂ ਇੱਥੇ ਨਰਸਿੰਗ ਦਾ ਕੋਰਸ ਕਰਨ ਲਈ ਦਾਖ਼ਲਾ ਲਿਆ ਸੀ, ਉਸ ਨੇ ਦੋ ਵਾਰ ਪੰਜ-ਪੰਜ ਹਜ਼ਾਰ ਕਰ ਕੇ 10 ਹਜ਼ਾਰ ਫ਼ੀਸ ਭਰੀ। ਪਰਿਵਾਰਕ ਹਾਲਤ ਗ਼ਰੀਬ ਹੋਣ ਕਾਰਨ ਉਸ ਦੀ ਪੜ੍ਹਾਈ ਵਿਚਕਾਰ ਹੀ ਛੁੱਟ ਗਈ, ਪਰ ਕਾਲਜ ਨੇ ਉਸਦੀ ਵਿੱਦਿਆ ਨਾਲ ਸਬੰਧਤ ਸਾਰੇ ਕਾਗਜ਼ਾਤ ਆਪਣੇ ਕਬਜ਼ੇ 'ਚ ਰੱਖ ਲਏ। ਉਦੋਂ ਤੋਂ ਲੈ ਕੇ ਹੁਣ ਤੱਕ ਉਹ ਆਪਣੇ ਕਾਗਜ਼ਾਤ ਲੈਣ ਲਈ ਭਟਕ ਰਹੇ ਸਨ, ਪਰ ਅੱਜ ਸੰਘਰਸ਼ ਦੀ ਬਦੌਲਤ ਉਨ੍ਹਾਂ ਦੀ ਫ਼ੀਸ ਅਤੇ ਸਰਟੀਫ਼ਿਕੇਟ ਵਾਪਸ ਹੋਏ ਹਨ। ਇਸ ਸਾਰੇ ਘਟਨਾਕ੍ਰਮ ਸਬੰਧੀ ਜਦੋਂ ਪੱਤਰਕਾਰਾਂ ਨੇ ਕਾਲਜ ਦੀ ਪ੍ਰਿੰਸੀਪਲ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਕੁਝ ਵੀ ਕਹਿਣ ਤੋਂ ਸਾਫ਼ ਇਨਕਾਰ ਕਰ ਦਿੱਤਾ।

# ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਂਖਰ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਤੇ ਮੱਲਾਂ ਮਾਰੀਆਂ

Desi Punjab YouTube www.desipunjab.in



"( ) ਸ਼ਸ਼ੀਮਾਨ ਲੈਕਚਰਾਰ ਸਰੀਰਕ ਸਿੱਖਿਆ ਨੇ ਦੱਸਿਆ ਕਿ ਉਹ ਪਿਛਲੇ 14 ਸਾਲਾਂ ਤੋਂ ਇਸ ਸਕੂਲ ਵਿੱਚ ਸੇਵਾ ਨਿਭਾ ਰਹੇ ਹਨ । ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਇਸ ਸਕੂਲ ਵਿੱਚ ਵਾਲੀਬਾਲ, ਨੈੱਟਬਾਲ, ਸਾਫਟਬਾਲ, ਬੇਸਬਾਲ ਖੇਡਾਂ ਕਰਵਾਈਆਂ ਜਾਂਦੀਆਂ ਹਨ। ਇਸ ਸਕੂਲ ਦੇ ਖਿਡਾਰੀ ਹਨੀ ਸਿੰਘ ਨੇ ਸਬ ਜੂਨੀਅਰ ਨੈਸ਼ਨਲ ਬੇਸਬਾਲ ਚੈਂਪੀਅਨਸ਼ਿਪ ਵਿੱਚ ਜੋ ਕਿ ਮਸਤੂਆਣਾ ਸਾਹਿਬ ਵਿਖੇ ਕਰਵਾਈ ਗਈ ਸੀ ਦੇ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ। ਮਨਿੰਦਰ ਸਿੰਘ ਨੇ ਅੰਡਰ 17 ਬੇਸਬਾਲ ਦੇ ਵਿੱਚ ਨੈਸ਼ਨਲ ਸਕੂਲ ਖੇਡਾਂ ਜਲਗਾਉ ਮਹਾਰਾਸ਼ਟਰ ਦੇ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੀ ਦਾ ਤਗਮਾ ਪ੍ਰਾਪਤ ਕਰਕੇ ਪੰਜਾਬ ਅਤੇ ਪਟਿਆਲੇ ਜ਼ਿਲੇ ਦਾ ਨਾਮ ਰੋਸ਼ਨ ਕੀਤਾ। ਇਸ ਇਲਾਕੇ ਦੇ ਲਗਭਗ 14 ਪਿੰਡਾਂ ਦੇ ਬੱਚਿਆਂ ਨੂੰ ਸਕੂਲ ਵਿੱਚ ਸਵੇਰੇ ਅਤੇ ਸ਼ਾਮ ਨੂੰ ਇਨਾ ਖੇਡਾਂ ਦੇ ਕੈਂਪ ਲਗਾ ਕੇ ਦੀ ਤਿਆਰੀ ਕਰਵਾਈ ਜਾਂਦੀ ਹੈ ।ਇਸ ਸਕੂਲ ਦੇ ਲਗਭਗ 1000 ਖਿਡਾਰੀਆਂ ਨੇ ਜਿਲਾ ਪੱਧਰ, 500 ਦੇ ਕਰੀਬ ਸਟੇਟ ਪੱਧਰ ਤੇ ਮੱਲਾਂ ਮਾਰ ਚੁੱਕੇ ਹਨ। ਅਮਰੀਕਨ ਖੇਡ ਸਾਫਟਬਾਲ ਤੇ ਬੇਸਬਾਲ ਵਿੱਚ 100 ਤੋਂ 125 ਖਿਡਾਰੀਆਂ ਨੇ ਨੈਸ਼ਨਲ ਪੱਧਰ ਤੱਕ ਸਕੂਲ ਦਾ ਨਾਮ ਚਮਕਾਇਆ ਹੈ। ਇਨ੍ਹਾਂ ਹੀ ਨਹੀਂ ਇਹਨਾਂ ਦੁਆਰਾ ਦਿੱਤੀ ਗਈ ਕੋਚਿੰਗ ਸਦਕਾ ਖਿਡਾਰੀਆਂ ਦੀ ਸਟੇਟ ਪੱਧਰ ਤੇ ਪਹਿਲੀਆਂ ਪੁਜੀਸ਼ਨਾਂ ਆਉਂਦੀਆਂ ਹਨ, ਨੈਸ਼ਨਲ ਪੱਧਰ ਤੇ ਵੀ ਇਸ ਸਕੂਲ ਦੇ ਖਿਡਾਰੀਆਂ ਨੇ ਪੰਜਾਬ ਦਾ ਨਾਮ ਚਮਕਾਇਆ ਹੈ। ਪਿੰਡ ਦੀ ਪੰਚਾਇਤ ਵੀ ਖਿਡਾਰੀਆਂ ਦੇ ਪੱਧਰ ਨੂੰ ਉੱਚਾ ਚੁੱਕਣ ਵਿੱਚ ਪੂਰਾ ਸਹਿਯੋਗ ਦਿੰਦੀ ਰਹਿੰਦੀ ਹੈ।